
**Posting Date**
**01 ਫਰਵਰੀ 2016**





ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/–

# ਬੁੱਧਵਾਰ

ਬੁੱਧਵਾਰ ਚੜ੍ਹਿਆ ਬੁੱਧ ਰੱਬ ਦਿੱਤੀ,
ਬੱਚੇ ਲਾਂਵਦੇ ਤੇਰੇ ਉਡਾਰੀਆਂ ਨੀ।
ਇੰਗਲੈਂਡ, ਜਰਮਨ ਤੇ ਜਾਪਾਨ ਕੀ ਏ
ਯੂਰੋਪ ਵਿਚ ਹਕੂਮਤਾਂ ਸਾਰੀਆਂ ਨੀ।
ਸੁੰਦਰ ਬੰਦਿਆਂ ਦੀ ਇਕ ਗੱਲ ਕੀ ਏ,
ਉਹ ਤਾਂ ਲੈ ਜਾਂਦੇ ਨਾਲ ਨਾਰੀਆਂ ਨੀ।
ਸਵਿਟਜ਼ਰਲੈਂਡ, ਅਮਰੀਕਾ ਭੀ ਹੋ ਆਏ,
ਅਤੇ ਦੇਖੀਆਂ ਮੇਮਾਂ ਦੁਲਾਰੀਆਂ ਨੀ।
ਮੁਲਕ ਗਾਹ ਲਏ,ਇਹਨਾਂ ਵਿਹਾਰ ਕਰਕੇ,
ਜਹਾਜ਼ਾਂ ਵਿਚ ਕਰਕੇ ਅਸਵਾਰੀਆਂ ਨੀ।
ਆਣ ਜਾਣ ਵਲੈਤ ਦਾ ਸਦਾ ਰਹਿੰਦਾ,
ਅੱਜ ਆਏ ਤੇ ਅਗੋਂ ਤਿਆਰੀਆਂ ਨੀ।
ਰੱਬ ਆ ਐਡਾ ਮਿਹਰਬਾਨ ਹੋਇਆ,
ਖੇਡਾਂ ਵੇਖੀਆਂ ਸਭ ਨਿਆਰੀਆਂਨੀ
ਥੋੜ੍ਹੇ ਸਮੇਂ ਵਿਚ ਰੱਬ ਨੇ ਕੀ ਕੀਤਾ,
ਤੰਗੀ ਦੂਰੀ ਦਰ ਖੇਡਾਂ ਸਵਾਰੀਆਂ ਨੀ।
ਲੱਖਾਂ ਅਤੇ ਕਰੋੜਾਂ ਵਿਚ ਖੇਡਦੇ ਨੇ,
ਕਦੇ ਲੈਂਦੇ ਸਨ ਚੀਜ਼ਾ ਉਧਾਰੀਆਂ ਨੀ।
ਤੇਜ ਰੱਬ ਇਕਬਾਲ ਹੈ ਉੱਚ ਦਿੱਤਾ,
ਮਨ ਮੂਰਖਾਂ ਭਖਣ ਚੰਗਾਰੀਆਂ ਨੀ।
ਰੱਬੀ ਦਾਤ ਚਾਹੇ ਜਿਸ ਨੂੰ ਆਪ ਦੇਵੇ,
ਨਹੀਂ ਪੁੱਜਦੇ ਬੰਦੇ ਉਡਾਰੀਆਂ ਨੀ।
ਜਿਹੜੇ ਪਾਣੀ ਗਲਾਸ ਨ ਪੁੱਛਦੇ ਸੀ,
ਮੱਥੇ ਵਟਦੇ ਤਿਉੜੀਆਂ ਚਾੜ੍ਹੀਆਂ ਨੀ।
ਸਾਹਮਣੇ ਵੇਖ ਕੇ ਜੋ ਮੂੰਹ ਫੇਰ ਲੈਂਦੇ,
ਹੁਣ ਨਾਲ ਮਿਲਦੇ ਬੀਬੀਆਂ ਦਾੜ੍ਹੀਆਂ ਨੀ।
ਇਹ ਮਿਹਰ ਸੁੰਦਰ ਕਰਤਾਰ ਦੀ ਏ,
ਕੌਤਕ ਵੇਖੀਏ ਖੇਡਾਂ ਨਿਆਰੀਆਂ ਨੀ।
ਅਸੀਂ ਕੀ ਹਾਂ, ਕੀ ਹਾਂ ਕਰਨ ਜੋਗੇ,
ਤੇਰੇ ਚੋਜ ਤੇ ਮਿਹਰਾਂ ਪਿਆਰੀਆਂ ਨੀ।
ਤੇਰੀ ਮਿਹਰ ਨੇ ਨੀਚੋਂ ਊਚ ਕੀਤਾ,
ਤੇਰੇ ਚਰਨਾਂ ਤੋਂ ਜਿੰਦਾਂ ਵਾਰੀਆਂ ਨੀ।
ਸੁੰਦਰ ਸਿਦਕ, ਅਸੀਸਾਂ ਨੇ ਭਾਗ ਲਾਏ
ਹੁੱਜਤਾਂ ਹੋਰ ਸੰਤੋਖ ਸਭ ਖਾਰੀਆਂ ਨੀ।



**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


**ਸੰਪਾਦਕ (ਆਨਰੇਰੀ)**

**ਡਾ. ਜਾਗੀਰ ਸਿੰਘ**

**ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ**

**ਸਹਿਯੋਗੀ**

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

**ਆਨਰੇਰੀ ਸਲਾਹਕਾਰ**

**ਸ: ਹਰਚੰਦਨ ਸਿੰਘ**


▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
ਜੀਵਨ ਮੈਂਬਰ 1500 ਰੁ.

▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ ਫੋਨ : 0172-2216283, 98150-72197ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਕਰਉ ਬੇਨੰਤੀਆ : ਡਿਫੈਂਸ ਕਲੋਨੀ ਵਾਲੇ ਸਰਦਾਰ ਬਲਬੀਰ ਸਿੰਘ ਆਹੂਜਾ 4

ਗੁਰਮਤਿ ਸੰਗੀਤ ਵਿਚ ਰਹਾਉ ਦਾ ਮਹੱਤਵ
ਡਾ. ਗੁਰਨਾਮ ਸਿੰਘ 5

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਯੁਕਤ ਸਿਰਲੇਖਾਂ
ਡਾ: ਮਨਵਿੰਦਰ ਕੌਰ 8

ਗੁਰੂ ਘਰ ਦੇ ਕੀਰਤਨੀਏ ਪ੍ਰੋ: ਮੰਗਤ ਸਿੰਘ ਮਸਤਾਨਾ
ਪ੍ਰੋ: ਐੱਮ.ਐੱਸ. ਸਚਦੇਵਾ 12

ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ
ਭਾਈ ਗੁਰਮੀਤ ਸਿੰਘ ਜੋਸ਼ 13

ਮੂਲ ਮੰਤਰ
ਡਾ. ਜਾਗੀਰ ਸਿੰਘ 17

ਸੁਰ ਲਿਪੀ : ਬੈਰਾੜੀ ਮ: ੫ 19
ਹਰਭਜਨ ਸਿੰਘ


### ਵਿਸ਼ੇਸ਼ ਸੂਚਨਾ

ਅੰਮ੍ਰਿਤ ਕੀਰਤਨ ਇਕ ਵਿਸ਼ੇਸ਼ ਪ੍ਰਕਾਰ ਦਾ ਮਾਸਿਕ ਪੱਤਰ ਹੈ। ਜੇ ਇਹ ਤੁਹਾਨੂੰ ਨਹੀਂ ਚਾਹੀਦਾ ਤਾਂ ਤੁਸੀਂ ਐਡਰੈੱਸ ਰੈਪਰ (ਕਵਰ ਪੇਪਰ) 'ਤੇ ਵਾਪਿਸ ਜਾਵੇ ਜਾਂ Return ਲਿਖ ਕੇ ਪੋਸਟ ਬਾਕਸ ਵਿਚ ਪਾ ਦਿਉ ਤਾਂ ਜੋ ਅੱਗੇ ਤੋਂ ਤੁਹਾਨੂੰ ਮੈਗਜ਼ੀਨ ਬੰਦ ਕਰ ਦਿੱਤਾ ਜਾਵੇ ਜਾਂ 9814053630 'ਤੇ ਸੂਚਿਤ ਕਰੋ ਜੀ।

### ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

**ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302, IFSC:STBP0000240 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।**

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 now valid in perpetuity.

## ਕਰਉ ਬੇਨੰਤੀਆ

# ਡਿਫੈਂਸ ਕਲੋਨੀ ਵਾਲੇ ਸਰਦਾਰ ਬਲਬੀਰ ਸਿੰਘ ਆਹੂਜਾ

ਮਿਤੀ 13 ਜਨਵਰੀ ਨੂੰ ਸਰਦਾਰ ਬਲਬੀਰ ਸਿੰਘ ਆਹੂਜਾ ਅਕਾਲ ਚਲਾਣਾ ਕਰ ਗਏ। ਅਜੇ 9 ਜਨਵਰੀ 2016 ਨੂੰ ਉਹਨਾਂ ਅੰਮ੍ਰਿਤ ਕੀਰਤਨ ਟ੍ਰਸਟ ਦੇ ਅਕਾਊਂਟ ਵਿਚ ਸਹਾਇਤਾ ਵਜੋਂ ਇੱਕ ਚੈਕ ਜਮ੍ਹਾਂ ਕਰਵਾਇਆ ਸੀ।ਪਰ ਜਦੋਂ ਉਹਨਾਂ ਦੇ ਸਪੁਤਰ ਰਵਿੰਦਰ ਸਿੰਘ ਆਹੂਜਾ ਜੀ ਦਾ ਸੁਨੇਹਾ ਮਿਲਿਆ ਤਾਂ ਮਨ ਵਿਚਲਿਤ ਹੋ ਗਿਆ।ਜਦੋਂ ਕਿਸੇ ਆਪਣੇ ਨੇੜਲੇ ਦਾ ਦੇਹਾਂਤ ਹੁੰਦਾ ਹੈ ਤਾਂ ਮਨ ਵਿੱਚ ਖਿਆਲ ਆਉਂਦਾ ਹੈ ਇਹ ਨਹੀਂ ਸੀ ਹੋਣਾ ਚਾਹੀਦਾ।ਬਲਬੀਰ ਸਿੰਘ ਆਹੂਜਾ ਜੀ ਨੇ ਇਸ ਤੋਂ ਪਹਿਲਾਂ ਕਈ ਸਰੀਰਕ ਬਿਮਾਰੀਆਂ ਦਾ ਡੱਟ ਕੇ ਮੁਕਾਬਲਾ ਕੀਤਾ ਤੇ ਉਹ ਸਿਹਤਯਾਬ ਹੋ ਕੇ ਨਿਕਲੇ। ਪਰ ਜਦੋਂ ਜਾਣ ਦਾ ਸਮਾਂ ਆਇਆ ਤਾਂ ਜਿਵੇਂ ਅਚਾਨਕ ਹੀ ਹੋ ਗਿਆ। ਉਹ ਬੜੇ ਸੰਜਮੀ ਸੁਭਾਅ ਦੇ ਮਾਲਕ ਸਨ। ਨਿਯਮ ਨਾਲ ਆਪਣੇ ਘਰ ਦੇ ਸਾਹਮਣੇ ਵਾਲੇ ਪਾਰਕ ਵਿੱਚ ਸੈਰ ਕਰਦੇ ਸਨ। ਖਾਣ ਪੀਣ ਵਿੱਚ ਵੀ ਮੈਂ ਉਹਨਾਂ ਨੂੰ ਬਦਪਰਹੇਜ਼ੀ ਕਰਦਿਆਂ ਨਹੀਂ ਸੀ ਵੇਖਿਆ।ਉਹਨਾਂ ਦਾ ਸਪੁੱਤਰ ਅਤੇ ਨੂੰਹ ਪ੍ਰੀਤੀ ਆਹੂਜਾ ਉਹਨਾਂ ਦਾ ਬਹੁਤ ਧਿਆਨ ਰਖਦੇ ਸਨ।

ਮੇਰੀ ਉਹਨਾਂ ਨਾਲ ਮੁਲਾਕਾਤ ਲਗਭਗ 20 ਸਾਲ ਪਹਿਲਾਂ ਸ਼ਤਾਬਦੀ ਟ੍ਰੇਨ ਵਿੱਚ ਹੋਈ ਸੀ। ਅਸੀਂ ਚੰਡੀਗੜ੍ਹ ਤੋਂ ਦਿੱਲੀ ਕੀਰਤਨ ਕਰਨ ਲਈ ਜਾ ਰਹੇ ਸਾਂ ਤੇ ਉਹ ਆਪਣੀ ਸੀਟ ਤੋਂ ਉੱਠ ਕੇ ਸਾਨੂੰ ਮਿਲਣ ਲਈ ਆਏ। ਇੱਕ ਦਿਨ ਪਹਿਲਾਂ ਚੰਡੀਗੜ੍ਹ ਸੈਕਟਰ 36 ਦੇ ਸੂਰੀ ਪਰਿਵਾਰ ਦੇ ਸਮਾਗਮ ਵਿਚ ਕੀਰਤਨ ਕੀਤਾ ਸੀ। ਆਹੂਜਾ ਸਾਹਿਬ ਉਸ ਸਮਾਗਮ ਵਿੱਚ ਸ਼ਾਮਲ ਸਨ।ਉਹਨਾਂ ਨੇ ਦਿੱਲੀ ਵਿਖੇ ਸਾਨੂੰ ਆਪਣੇ ਘਰ ਬੁਲਾਇਆ ਤੇ ਇਸ ਪਰਿਵਾਰ ਦੇ ਪਿਆਰ ਤੇ ਸਤਿਕਾਰ ਸਦਕਾ ਜਿਵੇਂ ਮੈਂ ਇਹਨਾਂ ਦਾ ਹੋ ਕੇ ਰਹਿ ਗਿਆ। ਹੁਣ ਦਿੱਲੀ ਵਿੱਚ ਇਹਨਾਂ ਦਾ ਘਰ ਮੇਰਾ ਦੂਜਾ ਐਡਰੈਸ ਬਣ ਗਿਆ।ਪ੍ਰੀਤੀ ਜੀ ਦੇ ਪੇਕੇ ਭੁਪਾਲ ਵਿੱਚ ਹਨ। ਤੇ ਉੱਥੇ ਪ੍ਰੀਤੀ ਜੀ ਦੇ ਪਿਤਾ ਜੀ ਉਬਵੇਜਾ ਜੀ ਨੇ ਸਾਨੂੰ ਭੁਪਾਲ ਗੁਰਦੁਆਰਾ ਟੀ ਟੀ ਨਗਰ ਵਿੱਚ ਬੁਲਾਉਣਾ ਆਰੰਭ ਕਰ ਦਿੱਤਾ ਤੇ ਅਸੀਂ ਕਈ ਵਾਰ ਭੁਪਾਲ ਵੀ ਗਏ।ਮੈਂ ਕਈ ਵਾਰ ਹੈਰਾਨ ਹੁੰਦਾ ਹਾਂ ਕਿ ਇੱਕ ਵਿਅਕਤੀ ਦੇ ਜ਼ਰੀਏ ਤੁਸੀਂ ਕਿਵੇਂ ਅਨੇਕ ਵਿਅਕਤੀਆਂ ਦੇ ਸੰਪਰਕ ਵਿੱਚ ਆ ਜਾਂਦੇ ਹੋ ਤੇ ਅੱਗੋਂ ਤੋਂ ਅੱਗੇ ਕਈ ਰਿਸ਼ਤੇ ਜੁੜਦੇ ਜਾਂਦੇ ਹਨ। ਮੇਰੇ ਇੱਕ ਮਿੱਤਰ ਸਰਦਾਰ ਅਜੀਤਪਾਲ ਸਿੰਘ ਮਾਂਗਟ ਇਸ ਨੂੰ ਆਧੁਨਿਕ ਮੁਹਾਵਰੇ ਵਿੱਚ ਨੈਟਵਰਕ ਕਹਿੰਦੇ ਹਨ। ਉਹਨਾਂ ਅਨੁਸਾਰ ਮਾਤਾ ਪਿਤਾ ਦਾਦਕੇ ਨਾਨਕੇ ਤਾਂ ਪਰਮਾਤਮਾ ਸਾਨੂੰ ਦਿੰਦਾ ਹੈ ਪਰ ਬਾਕੀ ਸਾਰਾ ਕੁਝ ਸਮਾਜਕ ਤਾਣਾ ਬਾਣਾ ਤੁਸੀਂ ਆਪ ਆਪਣੀ ਸਮਰਥਾ ਅਨੁਸਾਰ ਸਥਾਪਤ ਕਰਦੇ ਹੋ। ਪਰ ਮੈਨੂੰ ਇਹ ਵੀ ਪਰਮਾਤਮਾ ਦੀ ਬਖਸ਼ਸ਼ ਹੀ ਜਾਪਦੀ ਹੈ। ਆਹੂਜਾ ਪਰਿਵਾਰ ਰਾਹੀਂ ਹੀ ਡਿਫੈਂਸ ਕਲੋਨੀ ਵਿਚ ਰਹਿੰਦੇ ਇੱਕ ਹੋਰ ਪਰਿਵਾਰ ਨਾਲ ਜੁੜਿਆ।ਇਹ ਕੈਪਟਨ ਲਖਿੰਦਰ ਸਿੰਘ ਬਹਿਲ ਦਾ ਪਰਿਵਾਰ ਹੈ। ਇਹ ਵੀ ਸੇਵਾ ਕਰਨ ਵਿੱਚ ਹਮੇਸ਼ਾ ਤਤਪਰ ਰਹਿੰਦੇ ਹਨ। ਇਹਨਾਂ ਦੇ ਭਰਾ ਹਾਲੈਂਡ ਵਿਖੇ ਰਹਿੰਦੇ ਹਨ। 1997 ਵਿੱਚ ਉਹਨਾਂ ਮੈਨੂੰ ਹਾਲੈਂਡ ਦੀ ਸੈਰ ਵੀ ਕਰਵਾਈ ਸੀ। ਬਹਿਲ ਸਾਹਿਬ ਰਾਹੀਂ ਮੈਂ ਸ੍ਰ ਜਗਦੀਪ ਸਿੰਘ ਜੀ ਨਾਲ ਜੁੜਿਆ। ਇਹ ਵੀ ਬਹੁਤ ਚੜ੍ਹਦੀ ਕਲਾ ਵਾਲਾ ਪਰਿਵਾਰ ਹੈ। ਇਹਨਾਂ ਦੇ ਪਿਤਾ ਜੀ ਕਵੀ ਸੰਤ ਸੰਤੋਖ ਸਿੰਘ ਜੀ ਦੀ ਪੁਸਤਕ ਗੁਝੀਆਂ ਰਮਜ਼ਾਂ ਵਿੱਚੋਂ ਕਵਿਤਾ ਦਾ ਆਂਨਦ ਅੰਮ੍ਰਿਤ ਕੀਰਤਨ ਮੈਗਜ਼ੀਨ ਦੇ ਟਾਈਟਲ ਪੰਨੇ ਤੇ ਤੁਸੀ ਹਰ ਮਹੀਨੇ ਮਾਣਦੇ ਹੋ।ਮੇਰੀ ਇਸ ਸਾਰੀ ਸੁੰਦਰ ਮਾਲਾ ਦੇ ਮਣਕਿਆਂ ਨੂੰ ਪਰੋਣ ਵਾਲੀ ਮਾਲਾ ਦਾ ਸੁਨਿਹਰੀ ਧਾਗਾ ਸ੍ਰ ਬਲਬੀਰ ਸਿੰਘ ਜੀ ਆਹੂਜਾ ਹਨ। ਉਹ ਆਪਣੇ ਪਿੱਛੇ ਬੜੀ ਭਾਂਗਾਂਭਰੀ ਫੁਲਵਾੜੀ ਛੱਡ ਕੇ ਗਏ ਹਨ।ਉਹਨਾਂ ਦੀ ਸਿਆਣਪ ਭਰੀ ਗੁਫਤਗੂ ਹਮੇਸ਼ਾ ਯਾਦ ਰਹੇਗੀ। ਮੈਂ ਸਾਰੇ ਆਹੂਜਾ ਪਰਿਵਾਰ ਦੇ ਇਸ ਗਮ ਵਿੱਚ ਸ਼ਾਮਲ ਹੁੰਦਾ ਹਾਂ। ਭੁੱਲ ਚੁੱਕ ਖਿਮਾ...।

# ਗੁਰਮਤਿ ਸੰਗੀਤ ਵਿਚ ਰਹਾਉ ਦਾ ਮਹੱਤਵ

**ਡਾ. ਗੁਰਨਾਮ ਸਿੰਘ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਥਾਂ-ਪੁਰ-ਥਾਂ ਅੰਕਤ 'ਰਹਾਉ' ਦਾ ਗੁਰਮਤਿ ਸੰਗੀਤ ਵਿਚ ਵਿਸ਼ੇਸ਼ ਮਹੱਤਵ ਹੈ। ਰਹਾਉ ਦੇ ਸ਼ਾਬਦਿਕ ਅਰਥ ਹਨ : ਵਿਸ਼ਰਾਮ, ਰਹਿਣ ਦੀ ਕ੍ਰਿਆ ਜਾਂ ਠਹਿਰਾਓ। ਇਸ ਤੋਂ ਬਿਨਾਂ 'ਰਹਾਉ' ਦਾ ਅਰਥ ਰਹਾਅ, ਹੇਕ, ਸੁਰ ਜਾਂ ਪਾਠ ਕਰਨ ਦੀ ਧਾਰਨਾ ਲਿਆ ਜਾਂਦਾ ਹੈ ਪਰੰਤੂ ਗੁਰਬਾਣੀ ਤੇ ਕੀਰਤਨ ਦੇ ਸੰਦਰਭ ਵਿਚ ਰਹਾਉ ਤੋਂ ਭਾਵ ਟੇਕ ਜਾਂ ਸਥਾਈ ਹੀ ਲਿਆ ਜਾਂਦਾ ਹੈ।

ਸੰਗੀਤ ਵਿਚ ਕਿਸੇ ਵੀ ਨਿਬੱਧ ਰਚਨਾ ਨੂੰ 'ਸਥਾਈ' ਤੇ 'ਅੰਤਰਾ' ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ। ਭਾਰਤੀ ਸੰਗੀਤ, ਲੋਕ ਸੰਗੀਤ, ਸੂਫ਼ੀ ਸੰਗੀਤ ਤੇ ਗੁਰਮਤਿ ਸੰਗੀਤ ਵਿਚ ਗਾਇਨ ਕੀਤੇ ਜਾਣ ਵਾਲੀ ਰਚਨਾ ਦਾ ਆਰੰਭ 'ਸਥਾਈ' ਤੋਂ ਕੀਤਾ ਜਾਂਦਾ ਹੈ ਅਤੇ ਸਥਾਈ ਦੀਆਂ ਇਨ੍ਹਾਂ ਕਾਵਿ ਪੰਕਤੀਆਂ ਜਾਂ ਬਾਣੀ ਦੀਆਂ ਤੁਕਾਂ ਨੂੰ ਹਰ ਅੰਤਰੇ ਦੀਆਂ ਕਾਵਿ ਪੰਕਤੀਆਂ ਤੋਂ ਬਾਅਦ ਹਰ ਵਾਰ ਗਾਇਆ ਜਾਂਦਾ ਹੈ।

ਭਾਰਤੀ ਸੰਗੀਤ ਦੀਆਂ ਸੰਗੀਤ ਰਚਨਾਵਾਂ ਵਿਚ 'ਸਥਾਈ', ਸੂਫ਼ੀ ਸੰਗੀਤ ਅਤੇ ਲੋਕ ਸੰਗੀਤ ਵਿਚ 'ਟੇਕ' ਅਤੇ ਗੁਰਮਤਿ ਸੰਗੀਤ ਵਿਚ 'ਰਹਾਉ' ਸਮਾਨਾਰਥੀ ਸ਼ਬਦ ਹੈ। ਸੰਗੀਤ ਦੀਆਂ ਪ੍ਰਬੰਧ ਅਤੇ ਧਰੁਪਦ ਸ਼ੈਲੀਆਂ ਵਿਚ ਵੀ ਧਰੁਵ ਦਾ ਜ਼ਿਕਰ ਆਉਂਦਾ ਹੈ। ਟੇਕ ਆਮ ਤੌਰ ਤੇ ਪਦ ਦੇ ਕੇਂਦਰੀ ਭਾਵ ਦੀ ਪਹਿਲੀ ਪੰਕਤੀ ਹੁੰਦੀ ਹੈ। ਰਹਾਉ, ਟੇਕ ਅਤੇ ਧਰੁਵ ਤਿੰਨੇ ਹੀ ਗਾਇਨ ਹਿਤ ਸੰਕੇਤ ਹਨ ਜਿਨ੍ਹਾਂ ਦਾ ਭਾਵ ਹੈ ਰਹਾਉ, ਟੇਕ ਅਤੇ ਧਰੁਵ ਵਾਲੀ ਤੁਕ ਸਬੰਧਤ ਗਾਇਨ ਰਚਨਾ ਦੀ ਸਥਾਈ ਹੈ।

ਗੁਰਬਾਣੀ ਅਧੀਨ ਸ਼ਬਦ ਦੀ ਰਹਾਉ ਵਾਲੀ ਤੁਕ ਵਿਚ ਰਚਨਾ ਦਾ ਕੇਂਦਰੀ ਭਾਵ ਵਿਦਮਾਨ ਹੁੰਦਾ ਹੈ ਅਤੇ ਇਸੇ ਨੂੰ ਹੀ ਵਿਭਿੰਨ ਉਦਾਹਰਣਾਂ, ਦ੍ਰਿਸ਼ਟਾਂਤਾਂ ਅਤੇ ਪ੍ਰਮਾਣਾਂ ਸਹਿਤ ਮੂਰਤੀਮਾਨ ਕਰਦਿਆਂ ਗੁਰੂ ਸਾਹਿਬਾਨ ਬਾਣੀ ਦੀ ਰਚਨਾ ਕਰਦੇ ਹਨ। ਇਸ ਦੇ ਬਹੁਮੰਤਵੀ ਮਹੱਤਵ ਨੂੰ ਦ੍ਰਿਸ਼ਟੀਗੋਚਰ ਰਖਦਿਆਂ ਗਾਇਨ ਅਧੀਨ ਇਸ ਦੀ ਸੰਚਾਰ ਪ੍ਰਕ੍ਰਿਆ ਜਾਂ ਇਸ ਦੇ ਵਿਧਾਨ ਨੂੰ ਸਮਝਣ ਅਤੇ ਵਿਧਾਨ ਦੇ ਅਨੁਸਾਰੀ ਹੋ ਕੇ ਗਾਉਣਾ ਲਾਜ਼ਮੀ ਹੈ। ਭਾਵ ਰਹਾਉ ਵਾਲੀ ਪੰਕਤੀ ਨੂੰ ਸਥਾਈ ਦੇ ਰੂਪ ਵਿਚ ਗਾਇਨ ਕਰਨਾ ਗੁਰਮਤਿ ਸੰਗੀਤ ਪ੍ਰਬੰਧ ਦਾ ਪਹਿਲਾ ਸਿਧਾਂਤ ਹੈ। ਇਸੇ ਤਰ੍ਹਾਂ ਜਿਨ੍ਹਾਂ ਪੰਕਤੀਆਂ ਦੇ ਪਿਛੇ ਅੰਕ ਦਾ ਲੇਖਨ ਹੁੰਦਾ ਹੈ ਭਾਵ 1,2,3,4 ਅੰਕਿਤ ਹੁੰਦਾ ਹੈ, ਇਨ੍ਹਾਂ ਤੁਕਾਂ ਨੂੰ ਅੰਤਰੇ ਦੇ ਰੂਪ ਵਿਚ ਗਾਉਣਾ ਹੈ। ਸੋ ਗਾਉਣ ਹਿਤ ਸਮੱਗਰੀ ਅਤੇ ਇਸ ਸਮੱਗਰੀ ਦਾ ਕ੍ਰਮ ਗੁਰੂ ਸਾਹਿਬ ਖੁਦ ਸਪਸ਼ਟ ਕਰਦੇ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਧਿਐਨ ਤੋਂ ਇਹ ਹੋਰ ਵੀ ਵਧੇਰੇ ਸਪਸ਼ਟ ਹੋ ਜਾਂਦਾ ਹੈ।

ਭਾਈ ਕਾਨ੍ਹ ਸਿੰਘ ਨਾਭਾ (ਮਹਾਨ ਕੋਸ਼) ਦੀ ਧਾਰਣਾ ਹੈ ਕਿ ਰਹਾਉ ਤੋਂ ਭਾਵ ਉਹ ਪਦ ਜੋ ਗਾਉਣ ਵੇਲੇ ਬਾਰ-ਬਾਰ ਅੰਤਰੇ ਪਿਛੋਂ ਵਰਤਿਆ ਜਾਵੇ। ਡਾ. ਰਤਨ ਸਿੰਘ ਜੱਗੀ ਅਨੁਸਾਰ ਕਿਸੇ ਸ਼ਬਦ ਵਿਚ ਰਹਾਉ ਦੀ ਸਥਿਤੀ ਅਧਾਰ-ਸ਼ਿਲਾ ਵਾਲੀ ਹੈ ਕਿਉਂਕਿ ਇਸ ਵਿਚ ਸ਼ਬਦ ਦਾ ਕੇਂਦਰੀ ਭਾਵ ਸਮੋਇਆ ਹੋਇਆ ਹੁੰਦਾ ਹੈ। ਲੇਖਕ ਰਚਿਤ ਪੁਸਤਕ 'ਗੁਰਮਤਿ ਸੰਗੀਤ : ਪਰਬੰਧ ਤੇ ਪਾਸਾਰ' ਅਨੁਸਾਰ ਗੁਰਮਤਿ ਸੰਗੀਤ ਵਿਧਾਨ ਦੇ ਅੰਤਰਗਤ ਸ਼ਬਦ ਗਾਇਨ ਪ੍ਰਸਤੁਤੀ ਹਿਤ ਰਹਾਉ ਦਾ ਕੇਂਦਰਕਾਰੀ ਅਤੇ ਵਿਸ਼ੇਸ਼ ਮਹੱਤਵ ਹੈ। ਰਹਾਉ ਦੀ ਤੁਕ ਵਿਚ ਸ਼ਬਦ ਰਚਨਾ ਦਾ ਕੇਂਦਰੀ ਭਾਵ ਮੌਜੂਦ ਹੁੰਦਾ ਹੈ ਜਿਸ ਨੇ ਕੇਂਦਰਕਾਰੀ ਸੰਚਾਲਕ ਸ਼ਕਤੀ ਵਜੋਂ ਕਾਰਜਸ਼ੀਲ ਹੋਣਾ ਹੈ।

ਗੁਰਮਤਿ ਸੰਗੀਤ ਦੀ ਸ਼ਬਦ ਰਚਨਾਵਾਂ ਦੇ ਕੀਰਤਨ ਹਿਤ ਰਹਾਉ ਦਾ 'ਸਥਾਈ' ਰੂਪ ਵਿਚ ਕੇਂਦਰੀ ਮਹੱਤਵ ਹੈ। ਭਾਵ ਸਬੰਧਿਤ ਸ਼ਬਦ ਕੀਰਤਨ ਰਚਨਾ ਦਾ ਗਾਇਨ ਇਸ 'ਰਹਾਉ' ਧਾਰਣੀ ਤੁਕਾਂ ਤੋਂ ਹੀ ਹੋਣਾ ਹੈ ਅਤੇ ਜਦੋਂ ਕਿਤੇ ਇਹ ਰਹਾਉ ਬਦਲਕੇ ਦੂਜਾ ਜਾਂ ਚੌਥਾ ਆ ਜਾਵੇ ਤਾਂ ਸਬੰਧਿਤ ਅੰਤਰੇ ਤੋਂ ਬਾਅਦ ਕ੍ਰਮਵਾਰ ਬਦਲੇ ਹੋਏ ਨਵੇਂ ਰਹਾਉ ਦਾ ਗਾਇਨ ਹੀ ਕੀਤਾ ਜਾਣਾ ਹੈ। ਜਿਵੇਂ ਕਿ ਰਾਗ ਮਾਝ ਵਿਚ ਪਹਿਲੇ ਅੰਤਰੇ 'ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥ ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ ॥1॥' ਤੋਂ ਬਾਅਦ ਪਹਿਲਾ ਰਹਾਉ 'ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ ॥1॥ ਰਹਾਉ ॥', ਦੂਜੇ ਅੰਤਰੇ 'ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ ॥ ਚਿਰੁ ਹੋਆ ਦੇਖੇ ਸਾਰਿੰਗਪਾਣੀ ॥ ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ ॥2॥' ਤੋਂ ਬਾਅਦ ਦੂਜੇ ਰਹਾਉ 'ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ ॥1॥ ਰਹਾਉ ॥', ਤੀਜੇ ਅੰਤਰੇ 'ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥ ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥ ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ ॥3॥' ਤੋਂ ਬਾਅਦ ਤੀਜੇ ਰਹਾਉ 'ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ॥1॥ ਰਹਾਉ ॥' ਅਤੇ ਚੌਥੇ ਅੰਤਰੇ 'ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥ ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ॥4॥' ਤੋਂ ਬਾਅਦ ਚੌਥੇ ਰਹਾਉ 'ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ ॥ ਰਹਾਉ ॥1॥8॥' ਦਾ ਗਾਇਨ ਕੀਤੇ ਜਾਣ ਦਾ ਸੰਕੇਤ ਹੈ।

ਗੁਰਮਤਿ ਸੰਗੀਤ ਵਿਚ ਸ਼ਬਦ ਕੀਰਤਨ ਰਚਨਾਵਾਂ ਦੇ ਸਮਕਾਲੀ ਗਾਇਨ ਵਿਚ ਰਹਾਉ ਦਾ ਪ੍ਰਯੋਗ ਵੇਖੀਏ ਤਾਂ ਵਰਤਮਾਨ ਕੀਰਤਨੀਏ ਆਪਣੀ ਗਾਇਨ ਧੁਨ ਦੀ ਸਹੂਲਤ ਅਨੁਸਾਰ ਰਹਾਉ ਵਿਚ ਦਰਸਾਏ ਬਾਣੀ ਰਚਨਾ ਦੇ ਕੇਂਦਰੀ ਭਾਵ ਨੂੰ ਛੱਡ ਕੇ ਲੋਕ ਪ੍ਰਿਯ ਭਾਵਨਾ ਮੁਖ ਰਖਕੇ ਬਾਣੀ ਦੀ ਕਿਸੇ ਵੀ ਤੁਕ ਨੂੰ ਮਨ ਮਤਿ ਅਨੁਸਾਰ ਅੱਧੀ ਸਵਾਈ ਕਰਕੇ ਸਥਾਈ ਰੂਪ ਵਿਚ ਗਾਇਨ ਕਰੀ ਜਾ ਰਹੇ ਹਨ। ਉਦਾਹਰਣ ਲਈ ਜਿਵੇਂ ਧਨਾਸਰੀ ਰਾਗ ਵਿਚ 'ਚਤੁਰ ਦਿਸਾ ਕੀਨੋ ਬਲੁ ਅਪਨਾ ਸਿਰ ਊਪਰਿ ਕਰੁ ਧਾਰਿਓ ॥' ਇਸ ਵਿਚ ਰਹਾਉ ਵਾਲੀ ਤੁਕ ' ਹਰਿ ਜਨ ਰਾਖੇ ਗੁਰ ਗੋਵਿੰਦ ॥ ਕੰਠਿ ਲਾਇ ਅਵਗੁਣ ਸਭਿ ਮੇਟੇ ਦਇਆਲ ਪੁਰਖ ਬਖਸੰਦ ॥ ਰਹਾਉ ॥' ਹੈ। ਪਰੰਤੂ ਪ੍ਰਚਲਿਤ ਰੂਪ ਵਿਚ ਬਹੁਤੇ ਕੀਰਤਨੀਏ 'ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥' ਹੀ ਗਾਉਂਦੇ ਹਨ। ਇਥੇ ਹੀ ਬਸ ਨਹੀਂ ਹੁਣ ਜੋ ਅਗਾਂਹ ਤੇ ਅਗਾਂਹ ਹੋਰ ਤੁਕ ਛੋਟੀ ਹੋ ਗਈ ਹੈ ਅਤੇ ਕੇਵਲ 'ਸੋਈ ਸੋਈ ਦੇਵੈ' ਸਥਾਈ ਰੂਪ ਵਿਚ

ਗਾਈ ਜਾ ਰਹੀ ਹੈ ਭਾਵ ਤੁਕਾਂ ਦੀ ਸੰਪੂਰਣਤਾ ਦਾ ਖਿਆਲ ਹੀ ਨਹੀਂ ਰਖਿਆ ਜਾ ਰਿਹਾ ਜਦੋਂ ਕਿ ਗੁਰਮਤਿ ਅਨੁਸਾਰ ਤੁਕਾਂ ਦੀ ਸੰਪੂਰਣਤਾ ਤੇ ਸਥਾਈ ਵਜੋਂ ਅੰਕਣ ਰਹਾਉ ਦਾ ਪੂਰਾ ਧਿਆਨ ਰਖਣਾ ਬਣਦਾ ਸੀ। ਇਸ ਤਰ੍ਹਾਂ ਵਰਤਮਾਨ ਕੀਰਤਨੀਏ ਸੰਗਤ ਦੀ ਵਕਤੀ ਪ੍ਰਸੰਨਤਾ ਲਈ ਸਿਰੀ ਰਾਗ ਵਿਚ 'ਮੇਰੇ ਮਨ ਏਕਸ ਸਿਉ ਚਿਤੁ ਲਾਇ ॥ ਏਕਸ ਬਿਨੁ ਸਭ ਧੰਧੁ ਹੈ ਸਭ ਮਿਥਿਆ ਮੋਹੁ ਮਾਇ ॥1॥ ਰਹਾਉ ॥' ਰਹਾਉ ਦੀ ਬਜਾਏ 'ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥' ਦਾ ਬਾਰ-ਬਾਰ ਗਾਇਨ ਕਰਕੇ ਪ੍ਰੋਗਰਾਮ ਕਰਵਾਉਣ ਵਾਲੀਆਂ ਸੰਗਤਾਂ ਦੀ ਪੂਰਨ ਖੁਸ਼ੀ ਪ੍ਰਾਪਤ ਕਰਨ ਵਲ ਰੁਚਿਤ ਹੋ ਰਹੇ ਹਨ। ਇਸ ਤਰ੍ਹਾਂ ਜਾਣੇ-ਅਣਜਾਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਵਿਧਾਨ, ਕੀਰਤਨ ਹਿਤ ਨਿਰਧਾਰਤ ਰਹਾਉ, ਅੰਕ ਵਰਗੇ ਸੰਗੀਤਕ ਸੰਕੇਤਾਂ ਦੀ ਉਲੰਘਣਾ ਹੋ ਰਹੀ ਹੈ।

ਟਕਸਾਲੀ ਗੁਰਮਤਿ ਵਿਆਖਿਆਕਾਰ ਵੀ ਸ਼ਬਦ ਰਚਨਾ ਦਾ ਕੇਂਦਰੀ ਭਾਵ ਰਹਾਉ ਵਿਚ ਹੀ ਮੰਨਦੇ ਹਨ। ਇਸ ਲਈ ਗੁਰਮਤਿ ਦੀ ਸ਼ੁੱਧ ਤੇ ਸਹੀ ਮਰਿਆਦਤ ਪਰੰਪਰਾ ਨੂੰ ਕਾਇਮ ਰਖਦਿਆਂ ਕੀਰਤਨੀਆਂ, ਵਿਆਖਿਆਕਾਰਾਂ ਨੂੰ 'ਰਹਾਉ' ਦੇ ਮਹੱਤਵ ਨੂੰ ਵੀ ਉਜਾਗਰ ਕਰਨਾ ਚਾਹੀਦਾ ਹੈ ਅਤੇ ਕੀਰਤਨ ਵਿਚ ਇਸ ਦਾ ਕੇਂਦਰੀ 'ਸਥਾਈ' ਰੂਪ ਵਿਚ ਪ੍ਰਯੋਗ ਵੀ ਕਰਨਾ ਚਾਹੀਦਾ ਹੈ ਤਾਂ ਜੋ ਬਾਣੀ ਦੇ ਸਹੀ ਕੇਂਦਰੀ ਭਾਵ ਜੋ ਬਾਣੀਕਾਰ ਸਾਡੇ ਤੱਕ ਸੰਚਰਿਤ ਕਰਨਾ ਚਾਹੁੰਦੇ ਹਨ, ਉਹ ਸੰਗਤ ਤੇ ਸਰੋਤਿਆਂ ਤੱਕ ਸਹੀ ਰੂਪ ਵਿਚ ਸੰਚਰਿਤ ਹੋ ਸਕੇ। ਰਹਾਉ ਦੀ ਬਾਰ-ਬਾਰ ਉਲੰਘਣਾ ਬਾਣੀ ਨੂੰ 'ਗੀਤ' ਭਾਵ ਕੇਵਲ ਗਾਇਨ ਵਾਲੀ ਰਚਨਾ ਬਣਾ ਦੇਵੇਗੀ ਪਰ ਅਸੀਂ ਬ੍ਰਹਮ ਬੀਚਾਰ ਤੋਂ ਕੋਹਾਂ ਦੂਰ ਹੁੰਦੇ ਜਾਵਾਂਗੇ।

ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 335)

---

**ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ**

**ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ**

## ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

**ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302, IFSC : STBP0000240 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐੱਡਰੈੱਸ ਬਾਰੇ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।**

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 earlier valid upto 31/03/2012 now valid in perpetuity.

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਯੁਕਤ ਸਿਰਲੇਖਾਂ ਵਿਚ ਦਰਜ ਵਿਲੱਖਣ ਕਾਵਿ ਸ਼ੈਲੀਆ ਦਾ ਸੰਗੀਤ ਵਿਚ ਅਸਥਾਨ

ਡਾ: ਮਨਵਿੰਦਰ ਕੌਰ

ਸਿੱਖ ਧਰਮ ਦੇ ਪਹਿਲੇ ਗੁਰੂ, ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਦੇ ਪ੍ਰਚਾਰ ਦਾ ਮੁੱਖ ਮਾਧਿਅਮ ਸੰਗੀਤ ਨੂੰ ਚੁਣਿਆ ਅਤੇ ਦੇਸ਼ੀ ਸੰਗੀਤ ਨੂੰ ਮਾਰਗੀ ਸੰਗੀਤ ਦਾ ਰੂਪ ਦਿੱਤਾ। ਆਤਮਾ ਨੂੰ ਪਰਮਾਤਮਾ ਨਾਲ ਜੋੜਨ ਦਾ ਮੁੱਖ ਮਾਰਗ ਬਣਾਇਆ ਗੁਰਮਤਿ ਸੰਗੀਤ। ਇਸ ਤਰ੍ਹਾਂ ਗੁਰਮਤਿ ਸੰਗੀਤ ਦਾ ਆਰੰਭ ਕੀਤਾ ਹੋਇਆ ਹੈ।

ਗੁਰੂ ਅਰਜਨ ਦੇਵ ਜੀ ਪੰਜਵੇ ਪਾਤਸ਼ਾਹ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਨੂੰ ਵਿਭੰਨ ਸਿਰਲੇਖਾਂ ਅਤੇ ਸੰਕੇਤਾਂ ਦੁਆਰਾ ਰੂਪਮਾਨ ਕੀਤਾ ਹੋਇਆ ਹੈ। ਇਹਨਾ ਸਿਰਲੇਖਾਂ ਦਾ ਵੀ ਬਾਣੀ ਵਿਚ ਵਿਸ਼ੇਸ਼ ਮਹੱਤਵ ਹੈ। ਪਰ ਲੋੜ ਹੈ ਇਹਨਾਂ ਨੂੰ ਚੰਗੀ ਤਰ੍ਹਾਂ ਸਮਝਣ ਦੀ। ਇਸ ਗ੍ਰੰਥ ਦੀ ਸੰਪਾਦਨਾ ਦਾ ਅਧਾਰ ਰਾਗਾਤਮਕ ਹੈ। ਰਾਗਾਤਮਕ ਹੋਣ ਦੇ ਨਾਲ ਨਾਲ ਸੰਗੀਤ ਦੀਆਂ ਉੱਤਰੀ ਅਤੇ ਦੱਖਣੀ ਸ਼ੈਲੀਆ ਦਾ ਵੀ ਮਿਲਾਪ ਕੀਤਾ ਗਿਆ ਹੈ। ਸਾਸ਼ਤਰੀ ਸੰਗੀਤ ਦੀਆਂ ਅਤੇ ਲੋਕ ਗਾਇਨ ਸ਼ੈਲੀਆ ਦੋਹਾਂ ਨੂੰ ਲਿਆ ਗਿਆ ਹੈ ਤਾਂ ਕਿ ਬੜੀ ਸਰਲਤਾ ਨਾਲ, ਨਾਮ ਬਾਣੀ ਮਨੁੱਖ ਦੀ ਰੂਹ ਤੱਕ ਪਹੁੰਚ ਜਾਵੇ। ਗੁਰੂ ਗ੍ਰੰਥ ਸਾਹਿਬ ਜੀ ਦੇ ਸਿਰਲੇਖਾਂ ਉਪਰ ਦਰਜ ਸਾਰੇ ਸੰਗੀਤਕ ਸੰਕੇਤ ਅਤੇ ਸ਼ੈਲੀਆ ਸਭ ਬਾਣੀ ਪ੍ਰਧਾਨ ਹਨ।

ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਗੁਰਮਤਿ ਸੰਗੀਤ ਪ੍ਰੰਪਰਾ ਨੂੰ ਅਗਲੇ 9 ਗੁਰੂਆਂ ਨੇ ਉਸੇ ਤਰ੍ਹਾਂ ਅੱਗੇ ਚਲਾਇਆ ਗੁਰਮਤਿ ਸੰਗੀਤ ਦੇ ਇਸ ਪ੍ਰਵਾਹ ਨੂੰ ਅੱਗੇ ਚਲਾਉਣ ਲਈ ਕੀਰਤਨ ਕੇਂਦਰ ਸਥਾਪਿਤ ਕੀਤੇ ਜਿਵੇ:-

1) ਕਰਤਾਰ ਪੁਰ ਸਾਹਿਬ 2) ਖਡੂਰ ਸਾਹਿਬ 3) ਗੋਇੰਦਵਾਲ ਸਾਹਿਬ 4) ਅਮ੍ਰਿੰਤਸਰ ਸਾਹਿਬ 5) ਕੀਰਤਪੁਰ ਸਾਹਿਬ।

<u>ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗ:-</u> ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਰਾਗਾਂ ਵਿਚ ਅੰਕਿਤ ਹੈ। ਜਪੁਜੀ ਸਾਹਿਬ, ਸੋਦਰ, ਸੋਹਿਲਾ, ਸਵੈਯੇ ਅਤੇ ਸਲੋਕ ਵਾਰਾਂ ਤੇ ਵਧੀਕ ਤੋ ਬਿਨਾ ਸਮੁੱਚੀ ਬਾਣੀ ਰਾਗ ਬਧ ਹੈ। ਹਰ ਸ਼ਬਦ ਉਪਰ ਰਾਗਾਂ ਦੇ ਨਾਮ ਅੰਕਿਤ ਹਨ। ਰਾਗਾਂ ਅਨੁਸਾਰ ਬਾਣੀ ਦਾ ਗਾਇਨ ਕਿਵੇ ਕਰਨਾ ਹੈ ਹਰ ਸ਼ਬਦ ਉਪਰ ਅੰਕਿਤ ਕੀਤਾ ਗਿਆ ਹੈ। ਸ਼ਬਦ ਦੀ ਧੁੰਨ, ਸ਼ੈਲੀ, ਰਾਗ, ਤਾਲ, ਸਭ ਸੰਗੀਤ, ਸੂਚਕ ਸੰਕੇਤ ਮਿਲਦੇ ਹਨ। ਪਰ ਲੋੜ ਹੈ ਇਨ੍ਹਾਂ ਨੂੰ ਸਮਝਣ ਦੀ, ਸ਼ਬਦਾਂ ਦੇ ਭਾਵ ਅਰਥ ਸੰਗੀਤਕ ਪੱਖੋ ਅੱਤ ਢੁੱਕਵੇ ਹਨ। ਹਰ ਸ਼ਬਦ ਉਪਰ ਰਾਗ, ਰਹਾਓ, ਮਹਲਾ, ਆਦਿ ਸੰਗੀਤ ਸੂਚਕ ਸੰਕੇਤ ਦਿੱਤੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਸਾਰ ਦਾ ਅਜਿਹਾ ਪਹਿਲਾ ਤੇ ਮਹਾਨ ਅਦੁਤੀ ਗ੍ਰੰਥ ਹੈ ਜਿਸ ਦਾ ਤਤਕਰਾ ਰਾਗਾਂ ਅਨੁਸਾਰ ਹੈ

ਗੁਰਮਤਿ ਸੰਗੀਤ ਦੇ ਖੋਜੀਆ ਅਤੇ ਸਾਹਿਤਕਾਰਾਂ ਨੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੇ ਰਾਗਾਂ ਦੀ

ਗਿਣਤੀ 31 ਮੰਨੀ ਹੈ। ਜਿਵੇ ਰਾਗ ਸ੍ਰੀ, ਰਾਗ ਮਾਝ, ਗਉੜੀ, ਆਸਾ, ਗੁਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠ, ਧਨਾਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ ਆਦਿ। ਗੁਰੂ ਗ੍ਰੰਥ ਸਾਹਿਬ ਦਾ ਅੰਤਿਮ ਰਾਗ ਜੈਜਾਵੰਤੀ ਨੂੰ ਸਵੀਕਾਰਿਆ ਗਿਆ ਹੈ ਅਤੇ ਪ੍ਰਥਮ ਰਾਗ ਸ੍ਰੀ ਰਾਗ ਹੈ।

ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਨੇ, ਰਾਗ ਜੈਜਾਵੰਤੀ ਵਿਚ ਬਾਣੀ ਉਚਾਰਨ ਕੀਤੀ ਸੀ। ਜਿਸਨੂੰ ਬਾਅਦ ਵਿਚ ਦਸਵੇ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਕੀਤਾ। ਗੁਰਮਤਿ ਸੰਗੀਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗ, ਭਾਰਤੀ ਸੰਗੀਤ ਵਿਚ ਨਵੇਕਲੀ ਤੇ ਵਿਲੱਖਣ ਪਹਿਚਾਣ ਰੱਖਦੇ ਹਨ।

ਇਹਨਾਂ ਰਾਗਾਂ ਦੇ ਸਰੂਪ, ਪਟਿਆਲਾ ਯੂਨੀਵਰਸਿਟੀ ਦੇ ਸੰਗੀਤ ਗੁਣੀਆਂ ਨੇ ਅਤੇ ਜਵੱਦੀ ਟਕਸਾਲ ਦੇ ਹੋਰ ਸੰਗੀਤ ਵਿਦਵਾਨਾਂ ਨੇ ਨਿਰਧਾਰਿਤ ਕਰਕੇ ਅਜੋਕੀ ਪੀੜੀ ਨੂੰ ਇਕ ਸੁੱਚਜੀ ਸੇਧ ਦਿੱਤੀ ਹੈ। ਇਤਨਾ ਹੀ ਨਹੀਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਦੱਖਣੀ ਪਦੱਤੀ ਦੇ ਰਾਗ ਅਤੇ ਮਿਸ਼ਰਿਤ ਰਾਗ ਵੀ ਮਿਲਦੇ ਹਨ। ਇਹਨਾਂ ਰਾਗਾਂ ਦੇ ਸਵਰੂਪ ਮੁੱਖ 31 ਰਾਗਾਂ ਤੋ ਭਿੰਨ ਹਨ:-

ਦੱਖਣੀ ਪਦੱਤੀ ਦੇ ਰਾਗ:- ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਦੱਖਣੀ ਸ਼ਬਦ, ਦੱਖਣੀ ਪਦੱਤੀ ਦੇ ਰਾਗਾਂ ਦਾ ਸੂਚਕ ਹੈ। ਇਹਨਾਂ ਰਾਗਾ ਦੇ ਨਾਦਾਤਮਕ ਸਰੂਪ ਵੀ ਦੱਖਣੀ ਪਦੱਤੀ ਵਿਚ ਮਿਲਦੇ ਹਨ। ਇਹ ਰਾਗ ਪ੍ਰਕਾਰ ਵੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਉਪਰ ਦਰਜ ਹਨ। ਜਿਵੇ ਗਉੜੀ ਦੱਖਣੀ, ਵਡਹੰਸ ਦੱਖਣੀ, ਬਿਲਾਵਲ ਦੱਖਣੀ, ਰਾਗ ਰਾਮਕਲੀ ਦੱਖਣੀ, ਮਾਰੂ ਦੱਖਣੀ, ਪ੍ਰਭਾਤੀ ਦੱਖਣੀ, ਆਦਿ ।

ਮਿਸ਼ਰਿਤ ਰਾਗ:- ਗੁਰੂ ਸਾਹਿਬਾਂ ਨੇ ਮਿਸ਼ਰਿਤ ਰਾਗਾਂ ਦਾ ਵੇਰਵਾ ਵੀ ਸ਼ਬਦਾਂ ਉਪਰ ਅੰਕਿਤ ਕੀਤਾ ਹੈ ਜਿਵੇ:- ਉਦਾਹਰਣ ਵੱਜੋ:- 1) ਰਾਗ ਗਉੜੀ ਮਾਝ ਮਹੁਲਾ-4, ਭਾਵ ਰਾਗ ਗਉੜੀ ਅਤੇ ਮਾਝ ਰਾਗ ਦੇ ਮਿਸ਼ਰਣ ਤੋ ਰਾਗ-ਗਉੜੀ-ਮਾਝ ਦੀ ਰਚਨਾ ਹੋਈ ਇਸ ਤਰ੍ਹਾ ਰਾਗ ਬਸੰਤ ਮਹੁਲਾ ਪਹਿਲਾ-1, ਹਿੰਡੋਲ, ਪ੍ਰਭਾਤੀ ਮਹੁਲਾ-4 ਬਿਭਾਸ, ਆਦਿ ਰਾਗ ਮਿਸ਼ਰਤ ਰਾਗਾਂ ਵਜੋਂ ਅੰਕਿਤ ਹਨ। ਇਸੇ ਤਰ੍ਹਾਂ ਸੰਕੀਰਨ ਪ੍ਰਕਿਰਤੀ ਦੇ ਰਾਗ ਤੇ ਛਾਇਆ-ਲੱਗ ਰਾਗ ਵੀ ਮਿਲਦੇ ਹਨ। ਜਿਵੇ ਗਉੜੀ ਪੂਰਬੀ ਦੀਪਕੀ, ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 247 ਤੇ ਦਰਜ ਹੈ।

ਲੋਕ ਸੰਗੀਤ ਸ਼ੈਲੀਆ :- ਸਿਰਫ ਇਤਨਾ ਹੀ ਨਹੀ ਗੁਰੂ ਸਾਹਿਬਾਨਾ ਨੇ ਲੋਕ ਕਾਵਿ ਰੂਪਾਂ ਦੀਆਂ ਕੋਈ ਸ਼ੈਲੀਆ, ਸਬੰਧਿਤ ਰਾਗਾਂ ਦੇ ਸਿਰਲੇਖਾਂ ਵਿਚ ਅੰਕਿਤ ਕੀਤੀਆ ਹੋਈਆ ਹਨ। ਗੁਰੂਆਂ ਨੇ ਲੋਕ ਸ਼ੈਲੀਆ ਤੇ, ਪ੍ਰਚਿਲਤ ਲੋਕ ਧੁਨਾਂ ਰਾਂਹੀ ਗੁਰਮਤ ਨੂੰ ਆਮ ਜਨਤਾ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਜਿਹਨਾਂ ਦਾ ਵਰਨਣ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਿਲਦਾ ਹੈ ਜਿਵੇ:- ਘੋੜੀਆ, ਅਲਾਹੁਣੀਆ, ਸੋਹਿਲੇ, ਛੰਤ, ਲਾਵਾਂ, ਆਰਤੀ, ਅਸਟਪਦੀਆ ਆਦਿ ਇਹ ਸਭ ਸ਼ਬਦਾਂ ਦੇ ਸਿਰਲੇਖਾਂ ਅਧੀਨ ਅੰਕਿਤ ਹਨ। ਜਿਹਨਾਂ ਦੀਆਂ ਵਿਸ਼ੇਸ਼ ਧੁੰਨਾ ਅਤੇ ਤੋਲ ਤੁਕਾਂਤ ਮੋਜੂਦ ਹਨ। ਇਹਨਾਂ ਲੋਕ ਧੁੰਨੀਆ ਤੋ ਜੋ ਰਾਗ ਵਿਕਸਿਤ ਹੋਏ ਹਨ। ਉਹ ਹਨ ਰਾਗ ਆਸਾ, ਰਾਗ ਮਾਝ, ਰਾਗ ਵਡਹੰਸ, ਰਾਗ ਤੁਖਾਰੀ ਵਰਗੇ ਰਾਗ, ਬੜੀ ਸਰਲਤਾ ਸਾਹਿਤ ਗਾਏ ਜਾਂਦੇ ਹਨ। ਜੋ ਲੋਕ ਕਾਵਿ ਰੂਪਾ ਵਿਚ ਹੀ ਵਧੇਰੇ ਵਰਤੇ ਜਾਂਦੇ ਹਨ।

ਸਾਸ਼ਤਰੀ ਸੰਗੀਤ ਦੀਆਂ ਸ਼ੈਲੀਆ:- ਸੁਗੰਧ, ਪੜਤਾਲ ਤੇ ਪਦੇ ਆਦਿ ਇਹ ਗੁਰਮਿਤ ਸੰਗੀਤ ਵਿਚ ਸ਼ਾਸਤਰੀ ਸੰਗੀਤ ਦੀਆਂ ਸ਼ੈਲੀਆ ਹਨ।

ਪਦੇ ਅਤੇ ਅੰਕ:- ਇਹ ਇਕ, ਧਰੁਪਦ, ਪ੍ਰਬੰਧ ਹੈ ਜੋ ਸਾਸਤਰੀ ਗਾਇਨ ਸ਼ੈਲੀ ਵੱਜੋ ਵਿਦਮਾਨ ਹੈ। ਇਨਾਂ ਸਾਸਤਰੀ ਗਾਇਨ ਸ਼ੈਲੀਆ ਨੂੰ ਸੰਗੀਤਕ ਨਾਮ ਦੇਣ ਦੀ ਬਜਾਏ, ਬਾਣੀ ਪ੍ਰਧਾਨ ਹੋਣ ਕਰਕੇ ਕਾਵਿਕ ਸ਼ੈਲੀਆ ਦਾ ਨਾਮ ਦਿੱਤਾ

ਗਿਆ ਹੈ। ਬਾਣੀ ਵਿਚ ਦਰਜ ਪਦੇ ਸ਼ਾਸਤਰੀ ਸੰਗੀਤ ਦੇ ਧਰਪੁਦ ਗਾਇਨ ਉਪਰ ਅਧਾਰਿਤ ਹੈ।

<u>ਸੁਧੰਗ:</u>- ਇਸ ਤਰ੍ਹਾਂ ਸਿਰਲੇਖਾਂ ਵਿਚ ਸੁਧੰਗ ਸ਼ਬਦ ਵੀ ਮਿਲਦਾ ਹੈ ਜਿਸਦਾ ਅਰਥ ਹੈ ਕਿ ਇਸ ਰਾਗ ਵਿਚ ਸ਼ੁੱਧ ਸਵਰਾਂ ਦਾ ਪ੍ਰਯੋਗ ਕੀਤਾ ਜਾਵੇ। ਜੋ ਸ਼ਬਦ ਸ਼ੁੱਧ ਸਵਰਾਂ ਵਾਲੇ ਰਾਗਾਂ ਵਿਚ ਗਾਏ ਜਾਣ।

<u>ਪੜਤਾਲ ਸ਼ੈਲੀ:</u>- ਗੁਰਮਿਤ ਸੰਗੀਤ ਦੀ ਪ੍ਰਮੁੱਖ ਸਾਸ਼ਤਰੀ ਸੰਗੀਤ ਦੀ ਸ਼ੈਲੀ ਪੜਤਾਲ ਸ਼ੈਲੀ ਹੈ। ਇਸ ਸ਼ੈਲੀ ਨੂੰ ਸ਼ਾਸਤਰੀ ਸੰਗੀਤ ਦੇ ਵਿਧੀ ਵਿਧਾਨ ਨਾਲ ਨਿਬੱਧ ਕਰਕੇ ਸਭ ਤੋ ਪ੍ਰਥੱਮ ਇਸ ਦਾ ਗਾਇਨ ਅਤੇ ਸਿਰਜਨਾ ਸ੍ਰੀ ਗੁਰੂ ਰਾਮ ਦਾਸ ਜੀ ਨੇ ਕੀਤੀ। ਗੁਰੂ ਰਾਮ ਦਾਸ ਜੀ ਦੀਆਂ 19 ਪੜਤਾਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ। ਇਹ ਗੁਰਮਤਿ ਸੰਗੀਤ ਦੀ ਮਹੱਤਵਪੂਰਨ ਸ਼ੈਲੀ ਸੀ। ਜਿਸ ਦਾ ਗਾਇਨ ਬਹੁਤ ਘੱਟ ਪ੍ਰਚਾਰ ਵਿਚ ਰਿਹਾ ਇਸ ਕਰਕੇ ਅਪ੍ਰਚਲਿਤ ਹੋ ਗਈ।

ਸ੍ਰੀ ਗੁਰੂ ਅਰਜਨ ਦੇਵ ਜੀ ਪੰਜਵੇ ਪਾਤਸ਼ਾਹ ਦੀਆਂ ਗਾਈਆ ਹੋਈਆ 36 ਪੜਤਾਲਾਂ ਉਲਪਭਦ ਹੁੰਦੀਆਂ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਪੰਜਵੇ ਪਾਤਸਾਹ ਦਾ ਸਿਖਾਇਆ ਹੋਇਆ ਸੰਗੀਤ ਸਿੱਖਾਂ ਨੇ ਅਣਗਹਿਲੀ ਕਾਰਨ ਭੁੱਲਾ ਛਡਿਆ ਸੀ। ਪਰ ਅਜ ਕੱਲ ਗੁਰਮਤ ਸੰਗੀਤ ਦੀ ਇਸ ਸ਼ੈਲੀ ਨੂੰ ਪ੍ਰਚਾਰ ਵਿਚ ਰੱਖਣ ਲਈ ਬਹੁਤ ਉਪਰਾਲੇ ਕੀਤੇ ਜਾ ਰਹੇ ਹਨ। ਹਰ ਸਕੂਲ ਕਾਲਜ ਦੇ ਯੁਵਕ ਮੇਲਿਆ ਵਿਚ ਪੜਤਾਲ ਸ਼ਬਦਾ ਨੂੰ ਪ੍ਰਚਾਰ ਵਿਚ ਰੱਖਣ ਲਈ ਪ੍ਰਥਮ ਅਸਥਾਨ ਦਿਤਾ ਜਾਂਦਾ ਹੈ। ਪ੍ਰੋ: ਤਾਰਾ ਸਿੰਘ ਜੀ ਦੀ ਚੰਗੀ ਮਿਹਨਤ ਅਤੇ ਉਪਰਾਲੇ ਸਦਕਾ ਅਤੇ ਚੰਗੀ ਖੋਜ ਕਰਕੇ ਪੜਤਾਲ ਸਬ਼ਦਾ ਨੂੰ ਸੁਰ ਅਤੇ ਤਾਲ ਵਿਚ ਲਿਪੀ-ਬੱਧ ਕੀਤਾ ਅਤੇ ਪੁਸਤਕ ਦੇ ਰੂਪ ਵਿਚ ਸਿੱਖ ਜਗਤ ਦੇ ਸਾਹਮਣੇ ਲਿਆਂਦਾ। ਇਹ ਸਿੱਖ ਜਗਤ ਲਈ ਪ੍ਰੋ: ਤਾਰਾ ਸਿੰਘ ਜੀ ਦਾ ਇਕ ਸ਼ਲਾਘ ਯੋਗ ਉਪਰਾਲਾ ਹੈ।

ਪੜਤਾਲ ਤੋ ਅਰਥ ਹੈ- ਪੰਜਤਾਲ ਜਾਂ ਪਰਤ ਤਾਲ ਕਿਹਾ ਜਾਂਦਾ ਹੈ। ਪੜਤਾਲ ਸ਼ਬਦਾਂ ਨੂੰ ਗਾਉਣ ਲਈ ਪੰਜਤਾਲਾ ਦਾ ਪ੍ਰਯੋਗ ਕੀਤਾ ਜਾਂਦਾ ਹੈ ਜਿਸ ਤੋ ਭਾਵ ਹੈ ਪੰਜਤਾਲਾ ਦੀ ਸਵਾਰੀ ਦੀ ਵਰਤੋ ਹੁੰਦੀ ਹੈ। ਪੜਤਾਲ ਸ਼ਬਦਾਂ ਦੇ ਸਿਰਲੇਖਾਂ ਉਪਰ ਸਪਸ਼ਟ ਵਰਨਣ ਕੀਤਾ ਹੋਇਆ ਮਿਲਦਾ ਹੈ। (ਘਰ-5) ਭਾਵ ਪੰਜਤਾਲਾਂ ਦੀ ਵਰਤੋ ਕਰਨੀ ਹੈ ਅਤੇ ਅਸਥਾਈ ਲਈ ਇਕੋ ਹੀ ਤਾਲ ਵਰਤਿਆ ਜਾਂਦਾ ਹੈ। ਅੰਤਰਿਆ ਵਿਚ ਬਦਲ ਬਦਲ ਦੇ ਤਾਲ ਵਰਤੇ ਜਾਂਦੇ ਹਨ। ਸਾਰੇ ਸ਼ਬਦ ਵਿਚ ਰਾਗ ਵੀ ਇਕੋ ਹੀ ਰਹਿੰਦਾ ਹੈ।

ਭਾਈ ਕਾਨ ਸਿੰਘ ਨਾਭਾ 'ਪੜਤਾਲ ਨੂੰ ਪਟਤਾਲ ਵਿਚ ਗਾਉਣ ਵਾਲੀ ਰਚਨਾ ਮੰਨਦੇ ਹਨ'।

ਗੁਰਮਤਿ ਸੰਗੀਤ ਦੇ ਸਮਕਾਲੀਨ ਗ੍ਰੰਥਾ ਵਿਚੋਂ ਕਿਸੇ ਵੀ ਗ੍ਰੰਥ ਵਿਚ ਪੜਤਾਲ ਦਾ ਵਰਨਣ ਨਹੀ ਮਿਲਦਾ

ਪੜਤਾਲ ਗਾਇਕੀ ਗੁਰਮਿਤ ਸੰਗੀਤ ਦੀ ਹੀ ਇਕ ਵਿਸ਼ਿਸ਼ਟ ਸ਼ਾਸ਼ਤਰੀ ਗਾਇਨ ਸ਼ੈਲੀ ਹੈ। ਆਪਣੀਆ ਕੁੱਝ ਮੋਲਿਕ ਵਿਸ਼ੇਸ਼ਤਾਈਆ ਕਰਕੇ ਇਸ ਸ਼ੈਲੀ ਦਾ ਭਾਰਤੀ ਸੰਗੀਤ ਨਾਲੋਂ ਵਖਰਾ ਅਸਥਾਨ ਪ੍ਰਾਪਤ ਹੈ। ਇਸ ਦਾ ਕਾਵਿ ਰੂਪ ਨਿਰਾਲਾ ਅਤੇ ਵਿਲੱਖਣ ਹੈ। ਗਾਇਕ ਸਾਸ਼ਤਰੀ ਸੰਗੀਤ ਅਤੇ ਧਰੁਪਤ ਧਮਾਰ ਦੇ ਨਿਯਮਾ ਦਾ ਪੂਰਨ ਗਿਆਨ ਪ੍ਰਾਪਤ ਕਰਨ ਤੋ ਬਾਅਦ ਹੀ ਇਸ ਸ਼ੈਲੀ ਨੂੰ ਗਾ ਸਕਦਾ ਹੈ। ਜਿਸ ਨੂੰ ਸੁਰ ਅਤੇ ਤਾਲਾਂ ਦਾ ਪੂਰਾ ਭੇਦ ਹੋਵੇ। ਉਦਾਹਰਣ ਵਜੋਂ ਪੜਤਾਲ ਸ਼ਬਦ ਦੀ ਇਕ ਰਚਨਾ

ਕਾਨੜਾ ਮੁਹੱਲਾ 4 ਘਰ 5

ਮਨ ਜਾਪਹੁ ਰਾਮ ਗੁਪਾਲ।।

ਹਰਿ ਰਤਨ ਜਵੇਹਰ ਲਾਲ।

ਹਰਿ ਗੁਰਮੁਖ ਘੜ ਟਕਸਾਲ।।

ਹਰਿ ਹੋ ਹੋ ਹੋ ਕਿਰਪਾਲ ? ਰਹਾਓ।।

ਤੁਮਰੇ ਗੁਣ ਅਗਮ ਅਗੋਚਰ ਏਕ ਜੀਹ ਕਿਆ ਕਥੈ ਬਿਚਾਰੀ ਆਦਿ ਗ੍ਰੰਥ ਪੰਨਾ 1296 ਤੇ ਦਰਜ ਹੈ।

ਉਪਰੋਕਤ ਸ਼ੈਲੀਆ ਦਾ ਨਿਰੀਖਣ ਕਰਨ ਤੇ ਸ਼ਪੱਸਟ ਹੁੰਦਾ ਹੈ ਕਿ ਇਹਨਾਂ ਕਾਵਿ ਰੂਪਾਂ ਦੀ ਪੇਸ਼ਕਾਰੀ ਵਿਸ਼ੇਸ਼ ਮਹੱਤਵ ਰੱਖਦੀ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਬਾਣੀ ਵਿਚ ਇਕ ਢਾਡੀ ਆਖਿਆ ਹੈ। ਇਸ ਪ੍ਰਕਾਰ ਸਿੱਖ ਧਰਮ ਦੇ ਗੁਰੂ ਸਾਹਿਬਾਨਾਂ ਨੇ ਆਪਣੀ ਬਾਣੀ ਨੂੰ ਵੱਖ ਵੱਖ ਰਾਗਾਂ ਵਿਚ ਤੇ ਵੱਖ ਵੱਖ ਕਾਵਿ ਰੂਪਾ ਵਿਚ ਪ੍ਰਯੋਗ ਕੀਤਾ ਹੈ ਜੋ ਪੰਜਾਬੀ ਸਾਹਿਤ ਤੇ ਭਾਰਤੀ ਸੰਗੀਤ ਦੇ ਉਤਮ ਨਮੂਨੇ ਹਨ।

<u>ਧੁਨੀ:-</u> ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕੁਝ ਵਾਰਾਂ ਉਪਰ ਮੱਧਕਾਲ ਦੀਆਂ ਪ੍ਰਚਲਿਤ ਧੁੰਨੀਆ ਦੇ ਸੰਕੇਤ ਦਿੱਤੇ ਹੋਏ ਹਨ। ਭਾਵ ਦਿੱਤੇ ਗਏ ਸ਼ਬਦਾ ਨੂੰ ਉਪਰੋਕਤ ਧੁਨੀਆ ਅਨੁਸਾਰ ਗਾਉਣਾ ਹੈ। ਜਿਸ ਤੋ ਇਹ ਸ਼ਪੱਸ਼ਟ ਹੁੰਦਾ ਹੈ ਕਿ ਗੁਰੂ ਸਾਹਿਬ ਉਸ ਸਮੇ ਦੀਆਂ ਪ੍ਰਚਲਿਤ ਵਾਰਾ, ਧੁੰਨੀਆ, ਸ਼ੈਲੀਆ ਤੋ ਚੰਗੀ ਤਰ੍ਹਾਂ ਪ੍ਰਭਾਵਿਤ ਸਨ। ਉਦਾਹਰਣ ਵੱਜੋਂ

1) ਵਾਰ ਮਾਝ ਦੀ ਤਥਾਂ ਸਲੋਕ ਮਹਲਾ- 1 ਮਲਕ ਮੁਰੀਦ ਤਥਾਂ ਚੰਦ੍ਰਹੜਾ ਸੋਹੀਆ ਦੀ ਧੁਨੀ ਗਾਵਣੀ

2) ਗਉੜੀ ਦੀ ਵਾਰ ਮਹਲਾ 5 ਰਾਇ ਕਮਾਲ ਦੀ ਮੋਜਦੀ ਕੀ ਵਾਰ ਦੀ ਧੁਨਿ ਉਪਰ ਗਾਵਣੀ

3) ਆਸਾ ਮਹਲਾ ਪਹਿਲਾਂ (ਵਾਰ ਸਲੋਕਾ ਨਾਲ ਸਲੋਕ ਭੀ ਮੁਹੱਲੇ ਪਹਿਲੇ ਤੇ ਲਿਖੇ ਟੁੰਡੇ ਅਸਰਾਜੇ ਦੀ ਧੁਨੀ ਆਦਿ) ਗੁਰੂ ਸਾਹਿਬਾਂ ਨੇ ਸਾਨੂੰ ਸੰਕੇਤ ਦਿੱਤੇ ਹਨ ਕਿ ਅਸਾ ਇਹਨਾਂ ਸ਼ਬਦਾਂ ਨੂੰ ਇਹਨਾਂ ਧੁਨਾ ਦੇ ਅਧਾਰ ਤੇ ਹੀ ਗਾਉਣਾ ਹੈ।

ਉਕਤ ਗਾਇਨ ਸ਼ੈਲੀਆ ਤੇ ਕਾਵਿ ਰੂਪ ਆਪਣੇ ਆਪ ਵਿਚ ਵਿੱਲਖਣ ਪਹਿਚਾਣ ਰੱਖਦੇ ਹਨ। ਜਿਹਨਾਂ ਨੂੰ ਸਮਝਣਾ ਅਤਿ ਜ਼ਰੂਰੀ ਹੈ।

# 178 Street-4, Gai Market, 33 Feet Road, P/0 Mundian Kalan, Ludhiana


## ਜ਼ਰੂਰੀ ਬੇਨਤੀ

ਜੇ ਇਹ ਮੈਗਜ਼ੀਨ ਆਪ ਨੂੰ ਚੰਗਾ ਲਗਦਾ ਹੈ ਤਾਂ ਮਾਇਕ ਸਹਾਇਤਾ ਭੇਜੋ ਜੀ। ਜੇ ਚੰਗਾ ਨਹੀਂ ਲਗਦਾ ਤਾਂ ਸਾਨੂੰ ਸੂਚਿਤ ਕਰੋ ਤਾਂ ਜੋ ਤੁਹਾਨੂੰ ਇਹ ਮੈਗਜ਼ੀਨ ਭੇਜਣਾ ਬੰਦ ਕਰ ਦਿੱਤਾ ਜਾਵੇ ਜੀ।


- ਸੰਪਾਦਕ : 09814053630

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

# ਗੁਰੂ ਘਰ ਦੇ ਕੀਰਤਨੀਏ ਪ੍ਰੋ: ਮੰਗਤ ਸਿੰਘ ਮਸਤਾਨਾ



**ਪ੍ਰੋ: ਐੱਮ.ਐੱਸ. ਸਚਦੇਵਾ**

ਜੈਸੋ ਗੁਰ ਉਪਦੇਸਿਆ ਮੈਂ ਤੈਸੋ ਕਹਿਆ ਪੁਕਾਰਿ ਅਨੁਸਾਰ ਗੁਰਬਾਣੀ ਦਾ ਨਿਰੋਲ ਕੀਰਤਨ ਕਰਨ ਵਾਲੇ ਅਤੇ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਜੈਸੇ ਸਾਤ ਮੰਦਰ ਕੰਚਨ ਕੇ ਉਸਾਰ ਦੀਨੇ ਤੈਸਾ ਪੁੰਨ ਸਿੱਖ ਕੋ ਇਕ ਸ਼ਬਦ ਸਿਖਾਇ ਕੈ ਦੇ ਵਾਕ ਅਨੁਸਾਰ ਹਰ ਇਕ ਸੰਗੀਤ ਦੇ ਸਿੱਖਣ ਵਾਲੇ ਨੂੰ ਸੰਗੀਤ ਸਿਖਾਉਣ ਦੇ ਮਾਹਿਰ ਪ੍ਰੋ: ਮੰਗਤ ਸਿੰਘ ਮਸਤਾਨਾ ਦਾ ਜਨਮ 14 ਦਸੰਬਰ 1964 ਨੂੰ ਪਿਤਾ ਸ੍ਰੀ ਸਰਦਾਰੀ ਲਾਲ ਅਤੇ ਮਾਤਾ ਆਸਾਵੰਤੀ ਦੀ ਕੁੱਖੋਂ ਮਲੋਟ (ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ) ਵਿਖੇ ਹੋਇਆ। ਮਸਤਾਨਾ ਜੀ ਹਿੰਦੂ ਘਰਾਣੇ ਵਿਚੋਂ ਜਨਮ ਲੈ ਕੇ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣੇ। ਸੰਤ ਬਾਬਾ ਵਿਰਸਾ ਸਿੰਘ ਗੋਬਿੰਦ ਸਦਨ ਦਿੱਲੀ ਵਾਲਿਆਂ ਦੀ ਕਥਾ ਤੋਂ ਪ੍ਰਭਾਵਤ ਹੋ ਕੇ ਗੁਰੂ ਘਰ ਦੇ ਨਾਲ ਜੁੜੇ। ਸਵ: ਭਾਈ ਵਜ਼ੀਰ ਸਿੰਘ ਟਕਸਾਲੀ ਗ੍ਰੰਥੀ ਜੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਲਈ। ਸਵ: ਭਾਈ ਸੁਖਜੈਨ ਸਿੰਘ ਸੰਧੂ ਯੂਕੋ ਬੈਂਕ ਵਾਲਿਆਂ ਦੀ ਪ੍ਰੇਰਣਾ ਦੁਆਰਾ ਸਵ: ਭਾਈ ਪ੍ਰੀਤਮ ਸਿੰਘ ਜੀ ਅਬੋਹਰ ਵਾਲਿਆਂ ਤੋਂ ਤਬਲਾ ਸਿੱਖਿਆ। ਪ੍ਰੋ: ਅਰਵਿੰਦਰ ਪਾਲ ਸਿੰਘ ਮਲੋਟ ਵਾਲਿਆਂ ਤੋਂ ਕਲਾਸੀਕਲ ਸਿੱਖਿਆ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਤੋਂ ਸੰਗੀਤ ਦੀ ਬੀ. ਏ. ਕੀਤੀ ਅਤੇ ਬਹੁਤ ਸਾਰੇ ਸਕੂਨਾਂ ਕਾਲਜਾਂ ਦੇ ਵਿਦਿਆਰਥੀਆਂ ਤੇ੍ਹ ਇਲਾਵਾ ਬਹੁਤ ਸਾਰੇ ਰਾਗੀ ਗ੍ਰੰਥੀ ਸਿੰਘਾਂ ਨੂੰ ਸੰਗੀਤ ਦੀ ਸਿੱਖਿਆ ਦਿੱਤੀ। ਮਸਤਾਨਾ ਜੀ ਰਾਗ ਤੋਂ ਇਲਾਵਾ ਰੀਤਾਂ ਵਿਚ, ਕੀਰਤਨ ਕਰਦੇ ਹਨ। ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਫਿਰੋਜ਼ਪੁਰ ਵਿਖੇ ਭਾਈ ਮਰਦਾਨਾ ਜੀ ਦੇ ਜਨਮ ਦਿਨ ਸੰਬੰਧੀ ਕੀਰਤਨ ਦਰਬਾਰ ਵਿਚ ਬਹੁਤ ਵਾਰੀ ਮਸਤਾਨਾ ਜੀ ਨੇ ਆਪਣੀ ਹਾਜ਼ਰੀ ਲਵਾਈ। ਆਲ ਇੰਡੀਆ ਰੇਡੀਉ ਬਠਿੰਡਾ, ਦੂਰਦਰਸ਼ਨ ਕੇਂਦਰ ਹਿਸਾਰ ਅਤੇ ਫਾਸਟਵੇ ਚੈਨਲ ਤੇ ਬਹੁਤ ਵਾਰੀ ਸ਼ਬਦ ਕੀਰਤਨ ਦਾ ਪ੍ਰੋਗਰਾਮ ਪੇਸ਼ ਕੀਤਾ। ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵੱਲੋਂ ਕਰਵਾਏ ਜਾਂਦੇ ਸ਼ਬਦ ਗਾਇਨ, ਲੋਕ-ਗੀਤ, ਵਾਰ-ਗਾਇਨ ਮੁਕਾਬਲਿਆਂ ਦੀ ਜੱਜਮੈਂਟ ਬਹੁਤ ਸਾਲਾਂ ਤੋਂ ਕਰ ਰਹੇ ਹਨ। ਸੰਨ 1994 ਵਿਚ 2 ਅਕਤੂਬਰ ਨੂੰ ਮੋਗਾ ਦੇ ਰੀਗਲ ਸਿਨੇਮੇ ਵਿਖੇ ਪੰਜਾਬ ਯੁਵਾ ਸ਼ਾਂਤੀ ਪ੍ਰੀਸ਼ਦ ਮੋਗਾ ਵਿਖੇ ਸੰਗੀਤ ਦੇ ਸੰਬੰਧ ਵਿਚ ਸਨਮਾਨਿਤ ਕੀਤਾ ਗਿਆ। ਸਮਾਜ ਭਲਾਈ ਸੁਸਾਇਟੀ ਰਜਿ: ਪੰਜਾਬ, ਜ਼ਿਲ੍ਹਾ ਹੁਸ਼ਿਆਰਪੁਰ ਵੱਲੋਂ ਮਸਤਾਨਾ ਜੀ ਨੂੰ ਬਹੁਤ ਵਾਰ ਸਨਮਾਨਤ ਕੀਤਾ ਗਿਆ। ਮਸਤਾਨਾ ਜੀ ਗੁਰਮਤਿ ਰਾਗੀ ਸਭਾ ਮਲੋਟ ਦੇ ਪ੍ਰੈੱਸ ਸਕੱਤਰ ਅਤੇ ਸਿੱਖ ਚੇਤਨਾ ਵੈੱਲਫੇਅਰ ਸੁਸਸਾਇਟੀ ਮਲੋਟ ਦੇ ਪ੍ਰਧਾਨ ਹਨ। ਮਸਤਾਨਾ ਜੀ ਦੇ ਸੰਪਰਕਕਰਨ ਲਈ ਅਤੇ ਮਸਤਾਨਾ ਜੀ ਦੇ ਗਾਇਨ ਕੀਤੇ ਸ਼ਬਦ ਸੁਣਨ ਦੇ ਲਈ youtube.com ਤੇ ਪ੍ਰੋਫੈਸਰ ਮੰਗਤ ਸਿੰਘ ਮਸਤਾਨਾ ਮਲੋਟ ਵਾਲੇ Search ਕਰਕੇ ਸੁਣ ਸਕਦੇ ਹੋ। Facebook ਤੇ mangatsinghmastana@gmail.com ਅਤੇ www.manggatsinghmastana.com visit ਕਰੋ।

**C/o Baljinder Singh, Dane Di Chakki, Near Gurdwara Bhai Jagta Ji, G.T. Road, Malout , Distt. Muktsar**

# ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ

## ਭਾਈ ਗੁਰਮੀਤ ਸਿੰਘ ਜੋਸ਼



**ਪਿਛਲੇ ਅੰਕ ਦੀ ਬਾਕੀ (ਨੌਵੀਂ ਕਿਸ਼ਤ)**
ਕੀਰਤਨੀਆਂ ਦੇ ਜੀਵਨ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਜੋ ਲਿਖਿਆ ਜਾਂਦਾ ਹੈ, ਕਈ ਵਾਰ ਉਹ ਵੀ ਇਕ ਪਾਸੜ ਹੁੰਦਾ ਹੈ। ਕੁਝ ਸ਼ਰਧਾਲੂ ਕੀਰਤਨੀਆਂ ਦੀ ਅਤਿ ਪ੍ਰਸ਼ੰਸਾ ਕਰ ਦਿੰਦੇ ਹਨ ਅਤੇ ਕੁਝ ਆਲੋਚਕ ਕੀਰਤਨੀਆਂ ਦੀ ਗਾਇਨ ਸ਼ੈਲੀ ਆਦਿ ਬਾਰੇ ਆਲੋਚਨਾ ਕਰਦੇ ਹਨ।ਅਸੀਂ ਚਾਹੁੰਦੇ ਹਾਂ ਕਿ ਸਰੋਤੇ ਜਾਂ ਕੁਝ ਹੋਰ ਲੇਖਕ ਆਪਣੇ ਨੇੜਲੇ ਕੀਰਤਨੀਆਂ ਦੇ ਜੀਵਨ ਬਾਰੇ ਕੁਝ ਲਿਖਦੇ ਰਹਿਣ ਤਾਂ ਜੋ ਉਹਨਾਂ ਦੇ ਜੀਵਨ ਬਾਰੇ ਆਮ ਸੰਗਤਾਂ ਨੂੰ ਜਾਣਕਾਰੀ ਮਿਲੇ ਅਤੇ ਨਵੇਂ ਕੀਰਤਨੀਆਂ ਨੂੰ ਕੋਈ ਸੇਧ ਪ੍ਰਾਪਤ ਹੋਵੇ। ਅਸੀਂ ਭਾਈ ਕਰਮ ਸਿੰਘ ਰਤਨ ਦੀ ਜੀਵਨੀ ਨੂੰ ਜਿਹੜੀ ਕਿ ਭਾਈ ਗੁਰਮੀਤ ਸਿੰਘ ਜੋਸ਼ ਨਵੀਂ ਦਿੱਲੀ ਵਾਲਿਆਂ ਨੇ ਬੜੀ ਸ਼ਰਧਾ ਨਾਲ ਲਿਖੀ ਹੈ, ਕਿਸ਼ਤਵਾਰ ਛਾਪ ਰਹੇ ਹਾਂ। ਆਸ ਹੈ ਕਿ ਪਾਠਕਾਂ ਨੂੰ ਪਸੰਦ ਆਵੇਗੀ।

ਰਿਹਾਇਸ਼ ਅਤੇ ਬਿਜਲੀ ਪਾਣੀ, ਲੰਗਰ ਤਿੰਨੋਂ ਟੈਮ ਦਾ
ਫ਼ਰੀ ਸਾਨੂੰ ਦੇਣ ਦਾ, ਸਭਾ ਨੇ ਸੀ ਵਾਇਦਾ ਕੀਤਾ
ਪਿਤਾ ਜੀ ਤੇ ਮੋਹਨ ਸਿਘ ਪਹਿਲੇ ਸਾਥੀ ਬਣੇ ਮੇਰੇ,
ਜਥਾ ਜਦੋਂ ਆਪਣਾ ਮੈਂ ਪਹਿਲੀ ਵਾਰ ਕਾਇਮ ਕੀਤਾ
ਮੋਹਨ ਸਿੰਘ ਜੀ ਨੇ ਫਿਰ, ਪਟਿਆਲੇ ਵਾਪਸ ਜਾਣਾ ਸੀ
ਤੇ ਤਰਨ ਤਾਰਨ ਤੋਂ ਮੈਂ ਕਰਤਾਰ ਸਿੰਘ ਨੂੰ ਸਦ ਲਿਤਾ
ਪਿਤਾ ਜੀ ਨੇ ਵੀ ਫਿਰ ਪਿੰਡ ਵਾਪਸ ਜਾਣਾ ਸੀ
ਤੇ ਪਿੰਡ ਮਦਨਪੁਰ ਤੋਂ ਅਵਤਾਰ ਸਿੰਘ ਨੂੰ ਸਦ ਲਿਤਾ
ਅਵਤਾਰ ਸਿੰਘ ਸੂਰਮੇ ਦੀ ਆਵਾਜ਼ ਬਹੁਤ ਮਿੱਠੀ ਸੀ
ਤੇ ਸਹਾਇਕ ਰਾਗੀ ਬਣ ਉਹ ਮੇਰੇ ਨਾਲ ਆ ਗਿਆ
ਖੇਤੀ ਬਾੜੀ ਅਤੇ ਪਰਿਵਾਰ ਦੀ ਸੰਭਾਲ ਲਈ
ਪਿਤਾ ਜੀ ਨੇ ਜਾਣ ਦਾ ਮਨ ਪੱਕਾ ਸੀ ਬਣਾ ਲਿਆ
ਦੋਵੇਂ ਸਾਥੀ ਮੇਰੇ ਨਾਲ ਪੱਕੇ ਜਦੋਂ ਆ ਗਏ
ਪੂਰਾ ਜੱਥਾ ਹੋਇਆ ਤੇ ਪ੍ਰਭਾਵ ਸਾਡਾ ਪੈ ਗਿਆ
ਚੰਡੀਗੜ੍ਹ ਵਿਚ ਸਾਡਾ ਜੱਥਾ ਮਸ਼ਹੂਰ ਹੋਇਆ
ਤੇ ਤਰੱਕੀ ਦੇਣ ਲਈ ਵੀ ਸਭਾ ਮਨ ਸੀ ਬਣਾ ਲਿਆ
ਅਠਾਰਾਂ ਨਵੰਬਰ ਸੱਤਰ ਨੂੰ ਮੇਰੇ ਪਿੰਡ ਗਈ ਕਮੇਟੀ
ਤੇ ਅਠਾਰਾਂ ਨਵੰਬਰ 70 ਤੋਂ ਹੀ ਤਨਖਾਹ ਸਾਨੂੰ ਦੇ ਦਿੱਤੀ
ਤੇ ਤਿੰਨਮਹੀਨੇ ਬਾਦ ਸਾਨੂੰ ਤਰੱਕੀ ਦਿੱਤੀ ਸਭਾ ਨੇ

ਤੇ ਅੱਠ ਸੌ ਰੁਪਏ ਤਨਖਾਹ ਸਾਡੀ ਕਰ ਦਿੱਤੀ
ਵੱਡੇ ਵੱਡੇ ਪ੍ਰੋਗਰਾਮ ਆਉਂਦੇ ਸਾਨੂੰ ਚੰਡੀਗੜ੍ਹ ਦੇ
ਲੋਕਾਂ ਦਿਆਂ ਦਿਲਾਂ ਵਿਚ ਜਗਾਹ ਸੀ ਬਣਾ ਲਿਤੀ
ਫਿਰ ਘਰੇਗੀ ਕੰਮ ਤੋਂ ਮੈ ਕੁਛ ਮਜ਼ਬੂਰ ਹੋ ਕੇ
ਇਕ ਮਈ ਇਕਤਰ ਤੋਂ ਨੌਕਰੀ ਮੈਂ ਛੱਡ ਦਿੱਤੀ।

ਦੋ ਮਈ ਇਕਤਰ ਸੰਨ ਪਰਿਵਾਰ ਨੂੰ ਮੈਂ ਨਾਲ ਲੈ ਕੇ
ਚੰਡੀਗੜ੍ਹੋਂ ਬਸ ਤੇ ਮੈਂ ਨੁਸ਼ਹਿਰੇ ਪਿੰਡ ਆ ਗਿਆ
ਛੋਟੀ ਭੈਣ ਘਰ ਮੈਂ ਪਰਿਵਾਰ ਨੂੰ ਸੀ ਛੱਡ ਕੇ ਤੇ
ਸਾਮਾਨ ਲੈਣ ਲਈ ਦੁਬਾਰਾ ਚੰਡੀਗੜ੍ਹ ਆ ਗਿਆ
ਕਾਕਾ ਸਤਿਨਾਮ ਸਿੰਘ, ਭੈਣ ਜੀ ਦੇ ਕੋਠੇ ਉੱਤੋਂ
ਡਿੱਗ ਕੇ ਤੇ ਥੱਲੇ ਸੀ ਉਹ ਆ ਗਿਆ
ਡਿੱਗਦਿਆਂ ਹੀ ਕੋਠੇ ਉਤੋਂ ਹੱਡੀਉਹਦੀ ਟੁੱਟ ਗਈ
ਸੱਜਾ ਪੱਟ ਸਾਰਾ ਓਹਦਾ ਸੋਜ ਵਿਚ ਵਿਚ ਆ ਗਿਆ
ਸਾਮਾਨ ਲੈ ਕੇ ਦੂਜੇ ਦਿਨ, ਆਇਆ ਜਦੋਂ ਚੰਡੀਗੜ੍ਹੋਂ
ਕਾਕੇ ਵਲ ਵੇਖ ਕੇ ਦਿਲ ਮੇਰਾ ਹਿਲ ਗਿਆ
ਪਰ ਹੱਡੀ ਵਾਲਾ ਡਾਕਟਰ ਸੱਦ, ਸ: ਟਹਿਲ ਸਿੰਘ ਨੇ
ਬਨ੍ਹਾ ਕੇ ਤੇ ਪੱਟੀ ਉਹਨੇ ਦਿਲ ਸਾਡਾ ਜਿੱਤ ਲਿਆ
ਡਾਕਟਰ ਕਿਹਾ ਕੁਛ ਦਿਨ, ਹਿਲਾਣਾ ਨਹੀਉਂ ਕਾਕੇ ਨੂੰ
ਹਦਾਇਤ ਸਾਨੂੰ ਪੱਕੀ ਉਹ ਡਾਕਟਰ ਹੈ ਸੀ ਕਰ ਗਿਆ
ਏਸੇ ਮਜਬੂਰੀ ਵਸ ਰਹਿਣਾ ਪਿਆ ਇਕ ਮਹੀਨਾ
ਭੈਣ ਦਾ ਇਹ ਸਾਡੇ ਉੱਤੇ ਕਰਜ਼ ਸੀ ਚੜ੍ਹ ਗਿਆ
ਨੁਸ਼ਹਿਰੇ ਪਿੰਡ ਤੋਂ ਮੈਂ ਸਾਮਾਨ ਘਰ ਛੱਡਣ ਲਈ
ਸਲੇਮਪੁਰ ਪਿੰਡ ਜਾ ਘਰ ਵਿਚ ਗਲ ਕੀਤੀ
ਸਤਨਾਮ ਦੀ ਸੱਟ ਅਤੇ ਨੌਕਰੀ ਦੇ ਛੱਡਣੇ ਬਾਰੇ
ਮਾਤਾ ਪਿਤਾ ਪਾਸ ਜਾ ਸਾਰੀ ਹੀ ਮੈਂ ਗਲ ਕੀਤੀ
ਸੱਟ ਸੁਣ ਕਾਕੇ ਦੀ ਨਾਂ ਕਿਸੇ ਨੂੰ ਤਰਸ ਆਇਆ
ਹਮਦਰਦੀ ਦੀ ਇਕ ਗਲ ਪਿਤਾ ਨੇ ਵੀ ਨਾ ਕੀਤੀ
ਮਾਂ ਨੇ ਵੀ ਸਾਰਾ ਗੁੱਸਾ ਮੇਰੇ ਉੱਤੇ ਕਢਕੇ ਤੇ
ਆਪਣੇ ਮਨ ਦੀ ਉਹਨਾਂ ਭੜਾਸ ਸਾਰੀ ਕਢ ਲਿਤੀ।
ਵਾਪਸ ਪਿੰਡੋ ਆ ਗਿਆ ਮੈਂ, ਦਿਲ ਟੁੱਟੇ ਲੈ ਕੇ ਤੇ

ਸਾਰਾ ਦੁੱਖ ਆਪਣਾ ਮੈਂ ਦਿਲ ਵਿਚ ਦੱਬ ਲਿਆ
ਤਿੰਨ ਵਾਰ ਪਹਿਲੇ ਵੀ ਦਿਲ ਮੇਰਾ ਤੋੜਿਆ ਸੀ
ਚੌਥੀ ਵਾਰ ਮਾਤਾ ਪਿਤਾ ਅੱਜ ਦਿਲ ਤੋੜ ਦਿੱਤਾ
ਕਿਸੇ ਨੂੰ ਨਾ ਦੱਸਿਆ ਵਤੀਰਾ ਆਪਣੇ ਮਾਪਿਆਂ ਦਾ
ਏਹ ਦੁੱਖ ਦਾ ਘੁੱਟ ਮੈਂ ਦਿਲ ਵਿਚ ਪੀ ਲਿਆ
ਮਾਪਿਆਂ ਦੇ ਵੱਲੋਂ ਮੈਨੂੰ ਕਦੇ ਵੀ ਨਾ ਮਿਲਿਆ ਸੁਖ
ਭਾਣਾ ਸਮਝ ਗੁਰੂ ਦਾ ਮੈਂ ਦੁੱਖਾਂ ਵਿਚ ਜੀ ਲਿਆ
ਦੁਖੀ ਮਨ ਹੋਇਆ ਮੇਰਾ ਕਾਕੇ ਵੱਲ ਵੇਖ ਕੇ ਤੇ
ਹੋਰ ਕੁਝ ਸੁੱਝਾ ਨਾ ਮੈਂ ਗੁਰਦੁਆਰੇ ਚਲਾ ਗਿਆ।
ਗੁਰੂ ਤੇ ਭਰੋਸਾ ਰੱਖ ਦੁੱਖ ਅੱਗੇ ਰੱਖ ਦਿੱਤਾ
ਹਲਕਾ ਜਿਹਾ ਹੋ ਕੇ ਤੇ ਭੈਣ ਘਰ ਆ ਗਿਆ
ਦੋ ਦਿਨ ਬਾਅਦ ਮੇਰੀ ਸਤਿਗੁਰ ਸੁਣ ਲਈ
ਬੰਦਾ ਇਕ ਸੁਨੇਹਾ ਲੈ ਕੇ ਸਹਾਰਨ ਪੁਰੋਂ ਆ ਗਿਆ
ਆਪ ਜੀ ਨੂੰ ਸੱਦਣ ਲਈ ਸਭਾ ਨੇ ਹੈ ਭੇਜਿਆ
ਰਾਗੀ ਜੱਥਾ ਰੱਖਣ ਲਈ ਸੁਨੇਹਾ ਉਥੋਂ ਆ ਗਿਆ
ਬੰਦਾ ਹੋਰ ਸੋਚਦਾ ਹੈ ਰੱਬ ਹੋਰ ਕਰਦਾ ਹੈ,
ਰੱਬ ਦਿਆਂ ਰੰਗਾਂ ਦਾ ਨਾ ਬੰਦੇ ਨੂੰ ਹੈ ਪਤਾ ਹੁੰਦਾ
ਮੈਂ ਨਾ ਭਵਿੱਖ ਜਾਣਾ, ਹੋਣਾ ਕੀ ਹੈ ਮੇਰੇ ਨਾਲ
ਜੇ ਗੁਰੂ ਚਾਹੇ ਸਾਰਾ ਪਾਸਾ ਹੀ ਉਹ ਪਲਟ ਦੇਂਦਾ।
ਜੇ ਉਹ ਚਾਹੇ ਕੀੜੇ ਨੂੰ ਵੀ ਪਾਤਸ਼ਾਹੀ ਦੇ ਦੇਵੇ,
ਜੇ ਉਹ ਚਾਹੇ ਲਸ਼ਕਰਾਂ ਨੂੰ ਸੁਆਹ ਵੀ ਕਰ ਦੇਂਦਾ
ਜੇ ਉਹ ਚਾਹੇ ਭਿਖਾਰੀ ਨੂੰ ਵੀ ਤਖਤ ਤੇ ਬਿਠਾ ਦੇਂਦਾ,
ਜੇ ਉਹ ਚਾਹੇ ਧਰਤੀ ਤੋਂ ਆਕਾਸ਼ 'ਤੇ ਚੜ੍ਹਾ ਦੇਂਦਾ
ਸੁਨੇਹਾ ਹੁਣ ਪ੍ਰੇਮੀ ਪਾਸੋਂ, ਸਤਿਕਾਰ ਉਹਦਾ ਕੀਤਾ ਅਸੀਂ
ਅਗਲੇ ਦਿਨ ਆਉਣ ਦਾ ਭਰੋਸਾ ਉਹਨੂੰ ਦੇ ਦਿੱਤਾ
ਤੇ ਅਗਲੇ ਦਿਨ ਰੇਲ ਚੜ੍ਹ ਗਿਆ ਮੈਂ ਸਹਾਰਨਪੁਰ
ਸਿੰਘ ਸਭਾ ਗੁਰਦੁਆਰਾ ਜਾ ਕੇ ਮੈਂ ਆਰਾਮ ਕੀਤਾ
ਸਾਥੀ ਉਹਨਾਂ ਦੇ ਦਿੱਤੇ ਕੀਰਤਨ ਕਰਨ ਵਾਸਤੇ,
ਕੀਰਤਨ ਆਸਾ ਵਾਰ ਦਾ ਸਵੇਰ ਫਿਰ ਮੈਂ ਕੀਤਾ
ਸੁਣ ਕੇ ਕੀਰਤਨ ਮੇਰੇ ਪਾਸੋਂ ਸੰਗਤ ਪ੍ਰਸੰਨ ਹੋਈ
ਬਾਰਾਂ ਸੌ ਰੁਪਏ ਤਨਖਾਹ ਤਹਿ ਜੱਥੇ ਦੀ ਸੀ ਹੋ ਗਈ

ਉਤਲੀ ਆਮਦਨ ਸਾਰੀ, ਜੋ ਉਹ ਸਿੰਘ ਸਭਾ ਰੱਖਦੀ
ਤੇ ਤਿੰਨ ਕੀਰਤਨ ਰੋਜ਼ ਦੇ, ਇਹ ਗੱਲ ਤਹਿ ਹੋ ਗਈ
ਦੋ ਕੀਰਤਨ ਗੁਰਦੁਆਰੇ ਜੋ ਸੁਭਾਅ ਸ਼ਾਮ ਹੁੰਦੇ ਹਨ,
ਤੇ ਇਕੋ ਕੀਰਤਨ ਬਾਹਰ ਦਾ ਇਏ ਗੱਲ ਪੱਕੀ ਹੋ ਗਈ
ਤਿੰਨ ਚੌਕੀਆਂ ਤੋਂ ਵੱਧ, ਹੋਰ ਚੌਕੀ ਕਰਨ ਲਈ
31/2 ਇਕਤੀ ਰੁਪਏ ਪਰ ਚੌਕੀ, ਸ਼ਰਤ ਤਹਿ ਹੋ ਗਈ
ਲੰਗਰ ਤਿੰਨੇ ਵਕਤ ਦਾ, ਅਤੇ ਚਾਹ ਦੋਵੇਂ ਟਾਈਮ ਦੀ
ਰਿਹਾਇਸ਼ ਅਤੇ ਬਿਜਲੀ ਪਾਣੀ,ਗਲ ਪੱਕੀ ਹੋ ਗਈ
ਗਲ ਬਾਤ ਕਰ ਮੈਂ ਨੁਸ਼ਹਿਰੇ ਵਾਪਸ ਆ ਗਿਆ
ਪਰਿਵਾਰ ਅਤੇ ਬੱਚਿਆਂ ਦੀ ਖੁਸ਼ੀ ਪੂਰੀ ਹੋ ਗਈ
ਦੁੱਖ ਨਾਲ ਸਾਰਾ ਹੀ ਪਰਿਵਾਰ ਪਰੇਸ਼ਾਨ ਸੀ
ਸੋ ਕੰਮ ਮਿਲ ਜਾਣ ਤੇ ਪ੍ਰੇਸ਼ਾਨੀ ਦੂਰ ਗਈ
ਪਰਿਵਾਰ ਨੂੰ ਲੈ ਕੇ ਫਿਰ ਪਿੰਡ ਛੱਡ ਆਇਆ ਮੈਂ
ਕਿਉਂਕਿ ਇਕ ਜੁਲਾਈ ਡੀਊਟੀ ਦੀ ਸੀ ਗੱਲ ਪੱਕੀ ਹੋ ਗਈ
ਬੱਚਿਆਂ ਨੂੰ ਘਰ ਛੱਡ, ਸਾਥੀ ਨਾਲ ਲੈਣ ਲਈ
ਡੇਰਾ ਬਸੀ ਮੋਹਨ ਸਿੰਘ ਘਾਇਲ ਵੱਲ ਚਲਾ ਗਿਆ
ਮੋਹਨ ਸਿੰਘ ਘਾਇਲ ਨੂੰ ਮੈਂ ਤਬਲੇ ਦੇ ਸਾਥ ਲਈ
ਉਹਨਾਂ ਨੂੰ ਮਨਾ ਕੇ ਤੇ ਫਿਰ ਵਾਪਸ ਚਲਾ ਗਿਆ
ਅਵਤਾਰ ਸਿੰਘ ਸੂਰਮੇ ਵਲ ਸਹਾਇਕ ਰਾਗੀ ਵਾਸਤੇ
ਸਾਈਕਲ ਤੇ ਫਿਰ ਪਿੰਡ ਮਦਨਪੁਰ ਚਲਾ ਗਿਆ
ਤੀਹ ਜੂਨ ਨੂੰ ਪਹੁੰਚਣ ਲਈ ਵਾਦਾ ਉਹਦਾ ਲੈ ਕੇ ਤੇ
ਫਿਰ ਪਿੰਡ ਸਲੇਮਪੁਰ ਵਾਪਸ ਮੈਂ ਚਲਾ ਗਿਆ
ਪਤਨੀ ਨੂੰ ਕਿਹਾ ਮੈਂ ਰਿਹਾਇਸ਼ ਜਦੋਂ ਮਿਲ ਗਏ.
ਫਿਰ ਤੁਹਾਨੂੰ ਸਾਰਿਆਂ ਨੂੰ ਲੈ ਜਾਵਾਂ ਗਾ ਆ ਕੇ
ਤੀਹ ਜੂਨ ਸ਼ਾਮ ਤਕ ਤਿੰਨੇ ਸਾਥੀ ਪਹੁੰਚ ਗਏ
ਡੀਊਟੀ ਸ਼ੁਰੂ ਕਰਨੀਸੀਇਕ ਤਾਰੀਕ ਜਾ ਕੇ
ਇਕ ਜੁਲਾਈ ਇਕੱਤਰ ਨੂੰ ਸਿੰਘ ਸਭਾ ਸਹਾਰਨਪੁਰ
ਕੀਰਤਨ ਸ਼ੁਰੂ ਕਰ ਦਿੱਤਾ, ਸਾਰੇ ਜੱਥੇ ਆ ਕੇ
ਕੀਰਤਨ ਦਾ ਸੀ ਰਸ ਬਣਿਆ, ਗੁਰੂ ਕ੍ਰਿਪਾ ਹੋ ਗਈ
ਸੰਗਤ ਸਾਰੀ ਝੂਮ ਗਈ ਆਨੰਦ ਵਿਚ ਆ ਕੇ। (ਚਲਦਾ)

# ਮੂਲ ਮੰਤਰ

**ਡਾ. ਜਾਗੀਰ ਸਿੰਘ**

ਸਿੱਖੀ ਦੀ ਵਿਚਾਰਧਾਰਾ ਗੁਰੂ ਗ੍ਰੰਥ ਸਾਹਿਬ ਉੱਪਰ ਆਧਾਰਤ ਹੈ। ਅੱਜ ਕੱਲ ਸਿੱਖੀ ਨੂੰ ਆਧੁਨਿਕ, ਵਿਚਾਰਧਾਰਾ ਨਾਲ ਸੰਬੰਧਤ ਕੀਤਾ ਜਾ ਰਿਹਾ ਹੈ।ਪਰ ਇਸ ਦਾ ਸਹੀ ਸਰੂਪ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਦਰਜ ਹੈ। ਇਸ ਲਈ ਬਹੁਤੀ ਲੋੜ ਗੁਰਬਾਣੀ ਦੀ ਵਿਆਖਿਆ ਦੀ ਹੀ ਹੈ। ਇਹ ਵਿਆਖਿਆ ਬਹੁ-ਪੱਖੀ ਹੋਣੀ ਚਾਹੀਦੀ ਹੈ। ਇਸ ਦਾ ਇਕ ਪੱਖ ਕਈ ਵਾਰ ਸਰੁੱਖਾ ਸੁਮੇਲ ਸਥਾਪਤ ਕਰ ਸਕਦਾ ਜਿਸ ਕਰਕੇ ਇਸ ਦੇ ਵਿਚਾਰ ਸਰੋਤੇ ਦੇ ਮਨ ਵਿਚ ਨਹੀਂ ਬੈਠਦੇ।

ਅੱਜੋਕੀ ਸਿੱਖੀ ਦਾ ਬਾਹਰੀ ਸਰੂਪ ਭਾਵੇਂ ਗੁਰਬਾਣੀ ਦੇ ਵਿਚਾਰਧਾਰਾ ਤੋਂ ਵੱਖਰਾ ਹੋਵੇ, ਪਰ ਸਿੱਖੀ ਦੀ ਰੂਪ ਗੁਰਬਾਣੀ ਉੱਪਰ ਹੀ ਆਧਾਰਤ ਹੈ। ਗੁਰਬਾਣੀ ਵਿਚ ਮੂਲ ਮੰਤਰ ਦਾ ਆਪਣਾ ਵਿਸ਼ੇਸ਼ ਸਥਾਨ ਹੈ। ਇਸ ਵਿਚ ਮਨੁੱਖ ਦੇ ਆਰਦਸ਼, ਪਰਮਾਤਮਾ ਦਾ ਸਰੂਪ ਚਿਤਰਿਆ ਗਿਆ ਹੈ। ਇਸ ਸਰੂਪ ਦਾ ਵਾਰ ਵਾਰ ਚਿਤਰਨ ਕੀਤਾ ਗਿਆ ਹੈ। ਮਨੁੱਖ ਨੂੰ ਪ੍ਰੇਰਨਾ ਕੀਤੀ ਗਏ. ਹੈ ਕਿ ਉਹ ਇਸ ਸਰੂਪ ਦਾ ਸਿਮਰਨ ਕਰਕੇ ਇਸ ਵਰਗਾ ਹੋਣ ਦੀ ਕੋਸ਼ਿਸ਼ ਕਰੇ। ਮੂਲ-ਮੰਤਰ ਹੇਠ ਲਿਖੇ ਅਨੁਸਾਰ ਹੈ:-

ੴ ਸਤਿਨਾਮ ਕਰਤਾ ਪੁਰਖ ਨਿਰਭਊ ਨਿਰਵੈਰ ਅਕਾਲ ਮੂਰਤ ਅਜੂਨੀ ਸੈਭੰ ਗੁਰ ਪ੍ਰਸਾਦਿ॥

ਸਾਰੀ ਗੁਰਬਾਣੀ ਇਸੇ ਮੂਲ ਮੰਤਰ 'ਤੇ ਆਧਾਰਤ ਹੈ। ਇਸ ਮੂਲ ਮੰਤਰ ਦੀ ਵਿਆਖਿਆ, ਇਸ ਮੂਲ ਮੰਤਰ ਦੇ ਗੁਣ ਧਾਰਨ ਕਰਨ ਦਾ ਸਾਧਨ, ਜਿਹਨਾਂ ਨੇ ਇਹ ਗੁਣ ਧਾਰਨ ਕਰਲਏ ਹਨ ਅਤੇ ਜਿਹਨਾਂ ਨੇ ਇਹ ਗੁਣ ਧਾਰਨ ਨਹੀਂ ਕੀਤੇ, ਇਹ ਹੀ ਸਾਰੀ ਗੁਰਬਾਣੀ ਦਾ ਵਿਸ਼ਾ ਹੈ। ਮੂਲ ਮੰਤਰ ਹਰ ਰਾਗ ਅਤੇ ਹਰ ਬਾਣੀ ਦੇ ਆਰੰਭ ਵਿਚ ਛੋਟੇ ਜਾਂ ਵੱਡੇ ਰੂਪ ਵਿਚ ਦਰਜ ਕੀਤਾ ਹੈ। ਸਿੱਖ ਸਭਿਆਚਾਰ ਦੇ ਮੂਲ-ਮੰਤਰ 'ਤੇ ਹੀ ਆਧਾਰਤ ਹੈ।

ਧਰਮ ਦੇ ਖੇਤਰ ਵਿਚ ਹੇਠ ਲਿਖਿਆ ਕਥਨ ਬੜਾ ਪ੍ਰਚਲਤ ਹੈ:

"ਧਰਮ ਸੱਚਾਈ ਇਕ ਹੈ, ਪਰ ਵੱਖ ਵੱਖ ਵਿਦਵਾਨਾਂ ਨੇ ਇਸ ਨੂੰ ਵੱਖਰੇ ਵੱਖਰੇ ਢੰਗ ਨਾਲ ਬਿਆਨ ਕੀਤਾ ਹੈ।

ਇਹ ਵੱਖ ਵੱਖ ਢੰਗ ਨਾਲ ਬਿਆਨ ਕੀਤੀ ਸੱਚਾਈ ਹੀ ਧਰਮ ਨੂੰ ਵਖਰਿਆਉਂਦੀ ਹੈ। ਹਰ ਮਨੁੱਖ ਦੁਨੀਆਂ ਨੂੰ ਆਪਣੇ ਨਿੱਜੀ ਦ੍ਰਿਸ਼ਟੀਕੋਣ ਤੋਂ ਵੇਖਦਾ ਹੈ। ਭਾਵੇਂ ਇਸ ਦ੍ਰਿਸ਼ਟੀਕੋਣ ਨਾਲ ਧਰਮ ਜਾ ਸੱਚਾਈ ਨੂੰ ਕੋਈ ਫਰਕ ਨਹੀਂ ਪੈਂਦਾ। ਸਗੋਂ ਉਸ ਅਨੁਸਾਰ ਮਨੁੱਖ ਬਦਲਦਾ ਰਹਿੰਦਾ ਹੈ।ਇਸੇ ਧਰਮ ਦਾ ਆਚਾਰ ਵਿਹਾਰ ਉਸ ਦੇ ਪਰਮਾਤਮਾ ਦੇ ਸੰਕਲਪ ਉੱਤੇ ਹੀ ਆਧਾਰਤ ਰਹਿੰਦਾ ਹੈ। ਸਿੱਖੀ ਨੂੰ ਸਮਝਣ ਲਈ ਅਤੇ ਸਿੱਖੀ ਨੂੰ ਦ੍ਰਿੜ ਕਰਨ ਲਈ ਮੂਲ ਮੰਤਰ ਦਾ ਆਸਰਾ ਜ਼ਰੂਰੀ ਹੈ।ਅੱਜੋਕੀ ਸਿੱਖੀ ਤਾਂ ਨਿਸ਼ਚੇ ਹੀ ਇਸ ਤੋਂ ਨਿਵੇਕਲੀ ਹੋਵੇਗੀ ਪਰ ਜਿਸ ਤਰ੍ਹਾਂ ਦੀ ਕੌਮ ਦੀ ਸਿਰਜਣਾ ਗੁਰਬਾਣੀ ਕਰਨਾ ਚਾਹੀਦੀ ਹੈ, ਉਸ ਦਾ ਜ਼ਰੂਰ ਪਤਾ ਲੱਗੇਗਾ।

ਮੂਲ ਮੰਤਰ ਦਾ ਪਹਿਲਾ ਅੱਖਰ ਹੈ : ੧

ਇਸ ਚਿੰਨ੍ਹ ਨੂੰ ਪੰਜਾਬੀ ਵਿਚ 'ਇੱਕ' ਵਾਸਤੇ ਪ੍ਰਯੋਗ ਕੀਤਾ ਜਾਂਦਾ ਹੈ। ਹਿੰਦੀ ਵਿਚ ਵੀ ਇਹ ਚਿੰਨ੍ਹ ਇੱਕ ਲਈ ਹੀ ਪ੍ਰਯੋਗ ਕੀਤਾ ਜਾਂਦਾ ਹੈ। ਪਰ ਇਸ ਮੂਲ ਮੰਤਰ ਵਿਚ ੧ ਦੇ ਵਿਸ਼ਾਲ ਅਰਥ ਹਨ। ਕੁਝ ਵਿਦਵਾਨਾਂ ਅਨੁਸਾਰ ਇਹ ਏਕਾ ਸੁੰਨ ਤੋਂ ਵਿਕਸਤ ਹੋਇਆ ਹੈ। ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਸਭ ਕੁਝ ਸੁੰਨ ਤੋਂ ਉਪਜਿਆ ਹੈ। ਪਰ ਇਹ ਵਿਚਾਰ ਸਿੱਖੀ ਦੇ ਅਨੁਸਾਰ ਨਹੀਂ। ਸਿੱਖ ਧਰਮ ਵਿਚ ਸੱਚ ਨੂੰ ਸਰਬਕਾਲਿਕ ਦੱਸਿਆ ਗਿਆ ਹੈ:

ਆਦਿ ਸਚੁ ॥ ਜੁਗਾਦਿ ਸਚ ॥

ਹੈ ਭੀ ਸਚੁ ॥ ਨਾਨਕ ਹੋਸੀ ਭੀ ਸਚੁ ॥

ਸਿੱਖ ਵਿਚਾਰਧਾਰਾ ਵਿਚ ਸਚ ਨੂੰ ਕਿਸੇ ਕਾਲ ਵਿਚ ਗ਼ੈਰ-ਹਾਜ਼ਰ ਨਹੀਂ ਮੰਨਿਆ ਗਿਆ:

ਸਾਹਿਬ ਮੇਰਾ ਸਦਾ ਸਦਾ ਨਾ ਆਵੇ ਨਾ ਜਾਇ ॥

ਇਸ ਲਈ ੧, ਸੁੰਨ ਤੋਂ ਵਿਕਸਤ ਹੋਇਆ ਨਹੀਂ ਮੰਨਿਆ ਜਾ ਸਕਦਾ। ਗੁਰਬਾਣੀ ਵਿਚ ਜਿਹੜੀ ਸੁੰਨ ਅਵਸਥਾ ਦਾ ਜ਼ਿਕਰ ਆਉਂਦਾ ਹੈ ਉਥੇ ਮਨੁੱਖ ਦੀਆਂ ਇੰਦਰੀਆਂ ਦੀ ਪਕੜ ਵਿਚ ਆਉਣ ਵਾਲੇ ਸੰਸਾਰ ਦੀ ਅਣਹੋਂਦ ਹੈ। ਪਰਮਾਤਮਾ ਸਦਾ ਹਾਜ਼ਰ ਹੈ।

ਦੂਜਾ ਵਿਚਾਰ ਇਹ ਹੈ ਕਿ ਇਹ ਏਕਾ ਗਿਣਤੀ ਦਾ ਪਹਿਲਾ ਅੱਖਰ ਹੈ। ਇਹ ਇਕਾਈ ਉਸੇ ਤਰ੍ਹਾਂ ਜਿਵੇਂ ਕਿਸੇ ਇਮਾਰਤ ਦੀ ਇੱਕ ਇੱਟ ਹੁੰਦੀ ਹੈ। ਪਰ ਇਹ ਵਿਚਾਰ ਵੀ ਬਹੁਤ ਠੀਕ ਨਹੀਂ ਕਿਉਂਕਿ ੧+੧=੨ ਜਾਂ ੧+੧+੧=੩ ਵਾਲੇ ਹਿਸਾਬ ਨਾਲ ਕਈ ਆਤਮਾ ਬਣ ਜਾਂਦੀਆਂ ਹਨ। ਸਾਡੇ ਵਿਚਾਰ ਅਨੁਸਾਰ ਇਹ ਏਕਾ ਸਮੁੱਚਤਾ ਨੂੰ ਦਰਸਾਉਂਦਾ ਹੈ। ਏਕਤਾ, ਸਮੂਹਕਤਾ ਆਦਿ ਸ਼ਬਦਾਂ ਦਾ ਪ੍ਰਯੋਗ ਇਸ ਏਕੇ ਲਈ ਕੀਤਾ ਜਾ ਸਕਦਾ ਹੈ। ਭਾਰਤੀ ਦਰਸ਼ਨ ਵਿਚ ਪਰਮਾਤਮਾ ਦੇ ਕਈ ਰੂਪ ਮੰਨੇ ਜਾਂਦੇ ਹਨ। ਆਦਿ ਕਾਲ ਵਿਚ ਵੱਖ ਵੱਖ ਦੇਵਤੇ ਪਰਮਾਤਮਾ ਦਾ ਰੂਪ ਸਨ। ਮੱਧ ਕਾਲ ਵਿਚ ਨਿਰਗੁਣ-ਬ੍ਰਹਮ ਅਤੇ ਸਰਗੁਣ ਬ੍ਰਹਮ ਦੀ ਪੂਜਾ ਹੁੰਦੀ ਰਹੀ ਹੈ।

ਪਰਮਾਤਮਾ ਦੇ ਇਹਨਾਂ ਵੱਖ ਵੱਖ ਰੂਪਾਂ ਵਿਚ ਵਿਸ਼ਵਾਸ ਕਰਨ ਕਰਕੇ ਮਨੁੱਖਾਂ ਵਿਚ ਵੀ ਵੰਡੀਆਂ ਪੈ ਗਈਆਂ ਸਨ, ਜਿਸ ਕਰਕੇ ਮਨੁੱਖ ਮਨੁੱਖ ਦਾ ਵੈਰੀ ਬਣਿਆ ਹੋਇਆ ਸੀ। ਗੁਰੂ ਸਾਹਿਬਾਨ ਨੇ ਪਰਮਾਤਮਾ ਨੂੰ ਕੇਵਲ ਇਕ ਮੰਨਿਆ ਹੈ।

ਨਿਰਗੁਣ ਆਪ ਸਰਗੁਣ ਭੀ ਓਹੀ ॥

ਉਹਨਾਂ ਨੇ ਉਸ ਨੂੰ ਸਮਝਦਿਆਂ ਇਹ ਹੋਕਾ ਦਿੱਤਾ:

ਏਕੋ ਹੈ ਭਾਈ ਏਕੋ ਹੈ ॥ ਸਾਹਿਬ ਮੇਰਾ ਏਕੋ ਹੈ।

ਧਰਮ ਦੇ ਖੇਤਰ ਵਿਚ ਇਸ ਸੰਸਾਰ ਨੂੰ ਰੱਬ ਨਾਲੋਂ ਵੱਖਰਾ ਕਰਕੇ ਦੁੱਖਾਂ ਦਾ ਘਰ ਬਣਾ ਦਿੱਤਾ ਗਿਆ ਸੀ। ਸੰਸਾਰ ਨੂੰ ਮਾਇਆ ਸਮਝ ਕੇ ਲੋਕ ਇਸ ਤੋਂ ਵਿਰਕਤ ਹੋ ਰਹੇ ਸਨ ਜਿਸ ਕਾਰਨ ਸੰਸਾਰ ਦੇ ਹਰ ਖੇਤਰ ਵਿਚ ਗਿਰਾਵਟ ਆ ਰਹੀ ਸੀ। ਗੁਰਬਾਣੀ ਵਿਚ ਇਸੇ ਸੰਸਾਰ ਨੂੰ ਪਰਮਾਤਮਾ ਨਾਲ ਸੰਬੰਧਤ ਕਰ ਦਿੱਤਾ ਗਿਆ (ਚਲਦਾ)

# ਬੈਰਾੜੀ ਮ: ੫

**ਹਰਭਜਨ ਸਿੰਘ**

ਥਾਟ : ਮਾਰਵਾ-ਰ ਕੋਮਲ ਮ॑ ਤੀਵਰ।

ਸਮਾਂ : ਦਿਨ ਦਾ ਪਹਿਰ॥ ਸੰਧਿਆ ਸਮਾਂ॥

ਵਾਦੀ/ਸੰਵਾਦੀ : ਗ॥ ਜਾਤੀ: ਵਕਰ ਸੰਪੂਰਣ॥

ਅਵਰੋਹ : ਨ਼ ਰੁ ਗ ਪ਼ ਮ॑ ਗ॥ ਮ॑ ਧ ਸਂ॥ ਅਵਰੋਹ : ਸਂ ਨ ਧ ਭ, ਮ॑ ਗ, ਪ ਗ, ਰੁ ਸ,

ਮੁੱਖ ਅੰਗ : ਪ ਧ ਗ, ਮ॑ ਧ, ਮ॑ ਗ, । ਮ॑ ਰੁਗ, ਹੁਸ॥

ਸਥਾਈ

| 1 | 2 | 3 | 4 | 5 | 6 | 7 | 8 | 9 | 10 | 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|---|---|---|---|---|---|---|---|---|---|
| ਸ<br>ਨ਼ | ਰੁ | ਗ | - | ਰੁ | ਗ | ਮ॑ਗ | ਪ | - | ਪ | ਧ | ਗ | ਗ | - | ਪ | ਮ॑<br>ਗ | ਰੁ | ਸ | - | - |
| ਸੰ | s | ਤ | s | ਜ | ਨਾ | ss | ਮਿ | s | ਲ | ਹ | ਰਿ | ਜ | s | ਸ | ਗਾ | s | ਇਓ | s | s |
| ਪ | - | ਧ | - | ਧ | ਪ | ਧ | ਨ | ਪ | - | ਗ | ਰੁ | ਗ | - | ਪ | ਮ॑<br>ਗ | ਰੁ | ਸ | - | - |
| ਕੋ | s | ਟਿ | s | ਜ | ਨ | ਮ | ਕੇ | s | s | ਦੂ | ਤ | ਖ | s | ਗ | ਵਾ | s | ਇਓ | s | s |
| ਪ<br>ਮ॑ | - | ਧ | - | - | ਸਂ | ਸਂ | ਸਂ | - | - | ਨ | ਰੁ | ਗ਼ | - | ਪਂ | ਗਂ | ਰੁਂ | ਸਂ | - | - |
| ਜੋ | ਤ | ਚਾ | ਤ | ਤ | ਹ | ਤ | ਸੋ | ਤ | ਤ | ਈ | ਤ | ਮ | ਤ | ਨ | ਪਾ | ਤ | ਇਓ | - | - |
| ਰੁਂ | ਨ | ਪ | - | ਮ॑ | ਧ | - | ਧ | - | ਮ॑ਗ | ਮ॑ | ਰੁ | ਗ | - | ਪ | ਗ | ਰੁਂ | ਸ | - | - |
| ਕ | ਰ | ਕਿ | s | ਰ | ਪਾ | s | ਹ | s | ਕਿs | ਨਾ | s | ਮ | s | ਦਿ | ਵਾ | s | ਇਓ | - | - |

ਰਾਗੁ ਬੈਰਾੜੀ ਮਹਲਾ ੫ ਘਰੁ ੧

Raag Bairaaree, Fifth Mehl, First House:

ੴ ਸਤਿਗੁਰ ਪ੍ਰਸਾਦਿ ॥

One Universal Creator God. By The Grace Of The True Guru:

ਸੰਤ ਜਨਾ ਮਿਲਿ ਹਰਿ ਜਸੁ ਗਾਇਓ ॥

Meeting with the humble Saints, sing the Praises of the Lord.

ਕੋਟਿ ਜਨਮ ਕੇ ਦੂਖ ਗਵਾਇਓ ॥੧॥ ਰਹਾਉ ॥

The pains of millions of incarnations shall be eradicated. ||1||Pause||

ਜੋ ਚਾਹਤ ਸੋਈ ਮਨਿ ਪਾਇਓ ॥

Whatever your mind desires, that you shall obtain.

ਕਰਿ ਕਿਰਪਾ ਹਰਿ ਨਾਮੁ ਦਿਵਾਇਓ ॥੧॥

By His Kind Mercy, the Lord blesses us with His Name. ||1||

ਸਰਬ ਸੂਖ ਹਰਿ ਨਾਮਿ ਵਡਾਈ ॥

All happiness and greatness are in the Lord's Name.

ਗੁਰ ਪ੍ਰਸਾਦਿ ਨਾਨਕ ਮਤਿ ਪਾਈ ॥੨॥੧॥੭॥

By Guru's Grace, Nanak has gained this understanding. ||2||1||7||

**ਐੱਚ. ਐੱਮ. 74, ਫੇਜ਼ 3ਬੀ1, ਮੋਹਾਲੀ, ਮੋਬਾਇਲ :9316136268**

Postal Regd. No. CH/0045/2015-2017 RNI Regd. No. 46788/89

